


# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces* ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




Price $729,999

# JUST LISTED! 200 Malta Ave, Unit # 70, Brampton

*Brand new condo townhouse with 3 bedroom and an extra room on the floor*

ਪਰਾਈਵੇਟ ਰੂਫਟੋਪ ਟੈਰੇਸ, 2.5 ਵਾਸ਼ਰੂਮ 1700 ਸੁਕੇਅਰ ਫੁੱਟ ਦਾ ਘਰ, ਪਹਿਲੇ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ, ਘਰ ਸਿੱਧੇ ਜਾਣ ਲਈ ਅੰਡਰਗਰਾਊਂਡ ਪਾਰਕਿੰਗ, ਮੇਨ ਬੱਸ ਟਰਾਂਜ਼ਟ, ਸ਼ੈਰੀਡਨ ਕਾਲਜ,ਸ਼ਾਪਰ ਡਰੱਗ ਮਾਰਟ ਅਤੇ ਕਈ ਸਕੂਲਾਂ ਨੂੰ ਪੈਦਲ ਜਾ ਸਕਦੇ ਹੋ। ਹਾਈਵੇ 407,410,ਸਟੀਲ ਐਵੀਨੀਊ ਅਤੇ ਹਰੰਟਾਰੀਓ ਤੋਂ 401, ਦੇ ਬਿਲਕੁਲ ਨੇੜੇ। ਕਿਚਨ ਅਤੇ ਵਾਸ਼ਰੂਮ ਅਪਗ੍ਰੇਡ ਕੀਤੇ ਹਨ।

**KAMAL RANDHAWA**
Sales Representative
Dir: 647 855 0671
Email: kamaldeepr07@gmail.com
Office: 905.793.1111

Not intended to Solicit Buyers or Sellers Currently under Contract

# NEED A LAWYER ??

Red Seal NOTARY

# KAUR LAW OFFICE

**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NU WAY TOUR & TRAVELS INC.

# ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

**International & Domestic Air Tickets**
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

**Travel Worry Free With Insurance**
- Super Visa Insurance
- Visitor to Canada
- Trip Cancellation
- Trip Interruption

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ
ਹਵਾਈ ਟਿਕਟਾਂ ਅਤੇ ਭਰੋਸੇਮੰਦ
ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਮੱਧ ਪ੍ਰਦੇਸ਼ ਵਿਚ ਮੁੱਕਾ ਨਾ ਅਜੇ ਰੱਫੜ,
ਭਾਜੜ ਭਾਜਪਾ ਨੇ ਬਾਹਲੀ ਪਾਈ ਬੇਲੀ।
ਕਮਲ ਨਾਥ ਵੀ ਅੜੀ ਲਈ ਬਹੁਤ ਪੱਕਾ,
ਮੰਨਿਆ ਹਾਰ ਗਈ ਨਹੀਂ ਲੜਾਈ ਬੇਲੀ।
ਆੜੀ ਉਹਦੇ ਸ਼ਿਕੰਜੇ ਵਿੱਚ ਭਾਜਪਾ ਦੇ,
ਸਾਹਮਣੇ ਅਜੇ ਨਾ ਉਹ ਲਿਆਈ ਬੇਲੀ।
ਗਵਰਨਰ ਆਗੂ ਪੁਰਾਣਾ ਹੈ ਭਾਜਪਾਈਆ,
ਉਹ ਵੀ ਜਾ ਰਿਹਾ ਜ਼ੋਰ ਸਭ ਲਾਈ ਬੇਲੀ।
ਫਸ ਗਏ ਜਿੰਦਾਂ ਭੋਪਾਲ ਵਿੱਚ ਸਿੰਗ ਸਿੱਧੇ,
ਨਾਲੇ ਅਦਾਲਤ ਦਾ ਚੱਲ ਪਿਆ ਕੇਸ ਬੇਲੀ।
ਕਾਂਗਰਸ ਓਥੇ ਜੇ ਮੰਨ ਗਈ ਹਾਰ ਮਿੱਤਰ,
ਲੱਗ ਜਾਊ ਖੁਰਨ ਵੀ ਓਸ ਦਾ ਬੇਸ ਬੇਲੀ।

**ਤੀਸ ਮਾਰ ਖਾਂ**

# ਇਟਲੀ ਵਿੱਚ ਕੋਰੋਨਾ ਵਾਇਰਸ ਦਾ ਕਹਿਰ ਹੋਰ ਵਧਿਆ, ਮੌਤਾਂ ਦੀ ਗਿਣਤੀ 2500 ਟੱਪੀ

ਰੋਮ, 17 ਮਾਰਚ, (ਪੋਸਟ ਬਿਊਰੋ)- ਇਸ ਵਕਤ ਜਦੋਂ ਕੋਰੋਨਾ ਵਾਇਰਸ ਦਾ ਕਹਿਰ ਚੀਨ ਵਿੱਚ ਵਿਚ ਘਟਣ ਲੱਗ ਪਿਆ ਹੈ, ਓਦੋਂ ਇਟਲੀ ਵਿਚ ਮੌਤਾਂ ਦੀ ਗਿਣਤੀ ਲਗਾਤਾਰ ਵਧੀ ਜਾ ਰਹੀ ਹੈ। ਰੋਜ਼ 300 ਤੋਂ ਵੱਧ ਮੌਤਾਂ ਹੋ ਰਹੀਆਂ ਹਨ ਅਤੇ ਅੱਜ ਮੰਗਲਵਾਰ ਤੱਕ ਕੁੱਲ ਅੰਕੜਾ 2500 ਤੋਂ ਟੱਪ ਗਿਆ ਹੈ। ਇਸ ਵੇਲੇ ਕਈ ਹੋਰ ਦੇਸ਼ਾਂ ਵਿੱਚ ਵੀ ਇਸ ਕਹਿਰ ਨਾਲ ਮੌਤਾਂ ਦੀ ਗਿਣਤੀ ਵਧ ਰਹੀ ਹੈ, ਪਰ ਸਭ ਤੋਂ ਚਿੰਤਾ ਜਨਕ ਸਥਿਤੀ ਇਟਲੀ ਅਤੇ ਸਪੇਨ ਦੀ ਹੈ।

ਇਟਲੀ ਵਿਚ ਅੱਜ ਤੱਕ ਕੁੱਲ 2503 ਲੋਕਾਂ ਦੀ ਮੌਤ ਹੋ ਚੁੱਕੀ ਤੇ ਕੁੱਲ 31506 ਵਾਇਰਸ ਵਾਲੇ ਕੇਸ ਪਤਾ

*** ਸੰਸਾਰ ਭਰ ਵਿੱਚ ਮੌਤਾਂ ਦੀ ਗਿਣਤੀ 7965 ਹੋ ਗਈ**

ਲੱਗੇ ਹਨ। ਪੂਰੀ ਦੁਨੀਆ ਵਿਚ ਅੱਜ ਤੱਕ ਇਸ ਬਿਮਾਰੀ ਦੇ ਕਾਰਨ ਮੌਤਾਂ ਦਾ ਅੰਕੜਾ ਵਧ ਕੇ 7965 ਹੋ ਚੁੱਕਾ ਹੈ ਤੇ ਇਸ ਦੇ ਵਾਇਰਸ ਨਾਲ ਪ੍ਰਭਾਵਤ ਕੇਸਾਂ ਦੀ ਗਿਣਤੀ 198,214 ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਅਮਰੀਕਾ, ਬ੍ਰਿਟੇਨ, ਫਰਾਂਸ, ਇਰਾਨ ਆਦਿ ਦੇਸ਼ ਸ਼ਾਮਲ ਹਨ। ਚੀਨ ਨੂੰ ਛੱਡ ਦੇਈਏ ਤਾਂ ਇਟਲੀ ਤੋਂ ਬਾਅਦ ਮੌਤਾਂ ਦੀ ਗਿਣਤੀ ਵਿਚ



ਦੂਸਰੇ ਨੰਬਰ ਉੱਤੇ ਸਪੇਨ ਹੈ, ਜਿੱਥੇ ਅੱਜ ਇੱਕੋ ਦਿਨ ਵਾਇਰਸ ਕਾਰਨ 191 ਲੋਕਾਂ ਦੀ ਮੌਤ ਹੋਈ ਤੇ ਕੁਲ ਮੌਤਾਂ ਦੀ ਗਿਣਤੀ 533 ਹੋ ਗਈ ਹੈ। ਚੀਨ ਵਿੱਚ ਪੈਦਾ ਹੋਇਆ ਕੋਰੋਨਾ ਵਾਇਰਸ ਕਰੀਬ 3 ਮਹੀਨੇ ਤਬਾਹੀ ਮਚਾਉਣ ਪਿੱਛੋਂ ਓਥੇ ਘਟਣ ਲੱਗਾ ਹੈ। ਇਸ ਦੌਰਾਨ ਚੀਨ ਵਿੱਚ ਜ਼ਿੰਦਗੀ ਲੀਹ ਉੱਤੇ ਆਉਣ ਲੱਗ ਪਈ ਹੈ। ਕਰੀਬ 3 ਮਹੀਨੇ ਲਾਕਡਾਊਨ ਤੋਂ ਬਾਅਦ ਕੁਝ ਥਾਈਂ ਆਵਾਜਾਈ ਉੱਤੇ ਰੋਕ ਹਟਾ ਦਿੱਤੀ ਗਈ ਹੈ। ਨਿਯਮਾਂ ਤੋਂ ਢਿੱਲ ਨਾਲ ਸਕੂਲ, ਫੈਕਟਰੀਆਂ, ਹਾਈਵੇ, ਟੂਰਿਸਟ ਸਥਾਨ ਖੁੱਲ੍ਹ ਗਏ ਅਤੇ ਸੜਕਾਂ ਉੱਤੇ ਹਲਚਲ ਵੀ ਵੱਧ ਗਈ ਹੈ। ਇਸ ਦੌਰਾਨ ਇਰਾਨ ਵਿੱਚ ਮੌਤਾਂ ਦੀ ਗਿਣਤੀ 988 ਹੋ ਗਈ ਹੈ ਅਤੇ ਫਰਾਂਸ ਵਿੱਚ 175 ਮੌਤਾਂ ਅਤੇ ਅਮਰੀਕਾ ਵਿੱਚ ਮੌਤਾਂ ਦੀ ਕੁੱਲ ਗਿਣਤੀ 109 ਹੋ ਜਾਣ ਦੀ ਖਬਰ ਹੈ। ਅੱਜ ਤੱਕ ਸਾਊਥ ਕੋਰੀਆ ਵਿੱਚ ਮੌਤਾਂ ਦੀ ਗਿਣਤੀ 81 ਤੇ ਬ੍ਰਿਟੇਨ ਵਿੱਚ 71 ਹੋ ਚੁੱਕੀ ਹੈ। ਹਾਲੈਂਡ ਵਿੱਚ 43, ਜਰਮਨੀ ਵਿੱਚ 26 ਅਤੇ ਸਵਿਜ਼ਰਲੈਂਡ ਵਿੱਚ 27 ਮੌਤਾਂ ਹੋ ਚੁੱਕੀਆਂ ਹਨ।

## ਓਨਟਾਰੀਓ ਵਿੱਚ ਕੋਵਿਡ-19 ਦੇ 32 ਨਵੇਂ ਮਾਮਲਿਆਂ ਦੀ ਹੋਈ ਪੁਸ਼ਟੀ

...ਪੰਨਾ 1 ਦਾ ਬਾਕੀ

ਹੁਣ ਤੱਕ ਓਨਟਾਰੀਓ ਵਿੱਚ 8460 ਲੋਕਾਂ ਦੇ ਟੈਸਟ ਨੈਗੇਟਿਵ ਆ ਚੁੱਕੇ ਹਨ। ਐਤਵਾਰ ਨੂੰ ਓਨਟਾਰੀਓ ਵਿੱਚ ਮਿਲੇ 42 ਨਵੇਂ ਕੇਸਾਂ ਵਿੱਚੋਂ ਇਹ ਅੰਕੜਾ ਥੋੜ੍ਹਾ ਘੱਟ ਹੈ। ਅਜੇ ਰਿਪੋਰਟ ਕੀਤੇ ਗਏ ਨਵੇਂ ਮਰੀਜ਼ ਸੈਲਫ ਆਈਸੋਲੇਟਿੰਗ ਕਰ ਰਹੇ ਹਨ ਪਰ ਇਨ੍ਹਾਂ ਬਾਰੇ ਹੋਰ ਜਾਣਕਾਰੀ, ਜਿਵੇਂ ਕਿ ਇਨ੍ਹਾਂ ਦੀ ਉਮਰ ਤੇ ਉਹ ਕਿਸ ਤਰ੍ਹਾਂ ਸੰਕ੍ਰਮਿਤ ਹੋਏ, ਅਜੇ ਪੂਰੀ ਤਰ੍ਹਾਂ ਉਪਲਬਧ ਨਹੀਂ ਹੈ।

ਓਨਟਾਰੀਓ ਦੇ ਐਸੋਸਿਏਟ ਚੀਫ ਮੈਡੀਲਕ ਆਫੀਸਰ ਆਫ ਹੈਲਥ ਬਾਰਬਰਾ ਯੈਫੇ ਨੇ ਆਖਿਆ ਕਿ ਪਿਛਲੇ ਕੁੱਝ ਦਿਨਾਂ ਵਿੱਚ ਨਵੇਂ ਮਾਮਲੇ ਦੁੱਗਣੇ ਹੋ ਗਏ ਹਨ। ਉਨ੍ਹਾਂ ਆਖਿਆ ਕਿ ਕਮਿਊਨਿਟੀ ਵਿੱਚ ਵੀ ਵੱਡੀ ਪਧਰ ਉੱਤੇ ਇੱਕ ਦੂਜੇ ਤੋਂ ਵੀ ਇਹ ਵਾਇਰਸ ਹੋ ਸਕਦਾ ਹੈ। ਇਸੇ ਲਈ ਸਾਨੂੰ ਹੋਰ ਮਾਪਦੰਡ ਅਪਨਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ।

ਨਵੇਂ ਮਾਪਦੰਡਾਂ ਵਿੱਚ ਰੈਸਟੋਰੈਂਟਸ ਤੇ ਬਾਰਜ਼ ਨੂੰ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾਣਾ ਸ਼ਾਮਲ ਹੈ, ਸਿਰਫ ਉਨ੍ਹਾਂ ਨੂੰ ਛੋਟ ਦਿੱਤੀ ਜਾ ਸਕਦੀ ਹੈ ਜਿਹੜੇ ਟੇਕਆਊਟ ਸਰਵਿਸਿਜ਼ ਦਿੰਦੇ ਹਨ। ਟੋਰਾਂਟੋ ਹੈਲਥ ਅਧਿਕਾਰੀਆਂ ਦਾ ਤਾਂ ਕਹਿਣਾ ਹੈ ਕਿ ਇਸ ਦੌਰਾਨ ਰੈਸਟੋਰੈਂਟਸ, ਬਾਰਜ਼, ਨਾਈਟਕਲੱਬਜ਼ ਤੇ ਮੂਵੀ ਥਿਏਟਰ ਵੀ ਬੰਦ ਕਰ ਦਿੱਤੇ ਜਾਣੇ ਚਾਹੀਦੇ ਹਨ। ਜਿਹੜੇ ਕਾਰੋਬਾਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰਦੇ ਉਨ੍ਹਾਂ ਨੂੰ 25,000 ਡਾਲਰ ਰੋਜ਼ਾਨਾ ਦਾ ਜੁਰਮਾਨਾ ਹੋ ਸਕਦਾ ਹੈ।

## ਪਾਕਿਸਤਾਨ ਵਿੱਚ ਕੋਰੋਨਾ ਵਾਇਰਸ ਦੇ 212 ਮਰੀਜ਼, ਹਸਪਤਾਲਾਂ ਵਿੱਚ ਪੂਰੇ ਪ੍ਰਬੰਧ ਨਹੀਂ

ਇਸਲਾਮਾਬਾਦ, 17 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਪੂਰੀ ਦੁਨੀਆ ਦੇ ਲੋਕ ਪ੍ਰਭਾਵਿਤ ਹੋਏ ਹਨ, ਪਰ ਪਾਕਿਸਤਾਨ ਪਹਿਲਾਂ ਕਾਫੀ ਹੱਦ ਤੱਕ ਬਚਿਆ ਰਹਿਣ ਦੇ ਬਾਅਦ ਇੱਕਦਮ ਇਸ ਦੀ ਲਪੇਟ ਵਿੱਚ ਆਉਣ ਲੱਗ ਪਿਆ ਹੈ ਤੇ ਇਸ ਵਿੱਚ ਮਰੀਜ਼ਾਂ ਦੀ ਗਿਣਤੀ ਵਧਣ ਦੇ ਨਾਲ ਪ੍ਰਬੰਧਾਂ ਦੀ ਘਾਟ ਵੀ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਰੋਗ ਨਾਲ ਨਜਿੱਠਣ ਲਈ ਸਰਕਾਰ ਵਲੋਂ ਅਜੇ ਤੱਕ ਸਖ਼ਤ ਨਹੀਂ ਚੁੱਕੇ ਗਏ। ਹਸਪਤਾਲਾਂ ਵਿਚ ਸੈਨੇਟਾਈਜ਼ਰ ਅਤੇ ਮਾਸਕ ਤੱਕ ਨਹੀਂ ਮਿਲ ਰਹੇ ਤੇ ਵਿਸ਼ਵ ਸਿਹਤ ਸੰਗਠਨ ਨੇ ਮਾਸਕ ਅਤੇ ਸੈਨੇਟਾਈਜ਼ਰ ਦੀ ਕਮੀ ਪੂਰੀ ਕਰਨ ਲਈ ਹੋਰ ਦੇਸ਼ਾਂ ਨੂੰ ਇਸ ਦੇਸ਼ ਵਿੱਚ ਸਪਲਾਈ ਕਰਨ ਲਈ ਕਿਹਾ ਹੈ।

ਪਾਕਿਸਤਾਨ ਦੇ ਡਾਨ ਅਖਬਾਰ ਦੀ ਸਾਈਟ ਮੁਤਾਬਕ ਉਥੇ ਅੱਜ ਤੱਕ 212 ਕੇਸ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ ਸਿੰਧ ਵਿਚ 172, ਇਸਲਾਮਾਬਾਦ ਵਿਚ 2, ਖੈਬਰ ਪਖਤੂਨਖਵਾ ਵਿਚ 15, ਪੰਜਾਬ ਵਿਚ 8, ਬਲੋਚਿਸਤਾਨ ਵਿਚ 10 ਅਤੇ ਗਿਲਗਿਤ-ਬਾਲਟਿਸਤਾਨ ਵਿਚ ਪੰਜ ਕੇਸ ਪਤਾ ਲੱਗੇ ਹਨ। ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ



ਵਧਦੀ ਦੇਖਣ ਪਿੱਛੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਤਰੀਆਂ ਦੀ ਐਮਰਜੈਂਸੀ ਮੀਟਿੰਗ ਸੱਦੀ ਹੈ, ਜਿਸ ਪਿੱਛੋਂ ਸਿਹਤ ਰਾਜ ਮੰਤਰੀ ਜ਼ਫਰ ਮਿਰਜ਼ਾ ਨੇ ਕਿਹਾ ਕਿ ਸਰਕਾਰ ਕੋਰੋਨਾ ਵਾਇਰਸ ਦੇ ਵਧਦੇ ਘੇਰੇ ਕਾਰਨ ਸਥਿਤੀ ਉੱਤੇ ਸਖ਼ਤ ਨਜ਼ਰ ਰੱਖ ਰਹੀ ਹੈ ਅਤੇ ਇਸ ਤੋਂ ਬਚਾਅ ਲਈ ਯੋਗ ਕਦਮ ਚੁੱਕੇ ਜਾ ਰਹੇ ਹਨ।

ਇਸ ਬਾਰੇ ਇੱਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਡਾਕਟਰਾਂ ਦੀ ਸੁਰੱਖਿਆ ਦੇ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ, ਕਿਉਂਕਿ ਹਸਪਤਾਲ ਵਿਚ ਮੈਡੀਕਲ ਸਟਾਫ ਲਈ ਪਰਸਨਲ ਪ੍ਰੋਟੈਕਸ਼ਨ ਇਕਵਿਪਮੈਂਟ (ਪੀ ਪੀ ਈ) ਲੋੜ ਯੋਗੇ ਨਹੀਂ ਮਿਲ ਰਹੇ। ਇਸ ਕਾਰਨ ਓਥੇ ਕੰਮ ਕਰਦੇ ਡਾਕਟਰਾਂ ਦੇ ਮਨ ਵਿਚ ਵੀ ਡਰ ਪਿਆ ਹੋਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਸਾਡੇ ਕੋਲ ਹੀ ਲੋੜੀਂਦਾ ਸਾਮਾਨ ਨਹੀਂ ਤਾਂ ਇਲਾਜ ਕਿਸ ਤਰ੍ਹਾਂ ਨਾਲ ਚੰਗਾ ਹੋ ਸਕਦਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਹਸਪਤਾਲ ਦੇ ਕੁਝ ਵਾਰਡਾਂ ਵਿਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਲਈ ਹੱਥ ਧੋਣ ਨੂੰ ਸੈਨੇਟਾਈਜ਼ਰ ਤੱਕ ਵੀ ਨਹੀਂ ਮਿਲਦੇ। ਅਖਬਾਰ ਦਿ ਨੇਸ਼ਨ ਦੀ ਖਬਰ ਮੁਤਾਬਕ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਵਿਚ ਬਚਾਅ ਦੇ ਬੁਨਿਆਦੀ ਸਾਧਨ ਤੱਕ ਨਹੀਂ ਹਨ, ਜਿਸ ਕਾਰਨ ਡਾਕਟਰ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

## ਕੋਰੋਨਾ ਵਾਇਰਸ ਨੇ ਭਗਵਾਨ ਤੋਂ ਭਗਤ ਵੀ ਦੂਰ ਕੀਤੇ

*** ਚਿੰਤਪੁਰਨੀ, ਨੈਣਾ ਦੇਵੀ, ਜਵਾਲਾਜੀ ਦੇ ਦਰ ਸ਼ਰਧਾਲੂਆਂ ਲਈ ਬੰਦ**

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਅਸਰ ਇਨ੍ਹਾਂ ਦਿਨਾਂ ਵਿੱਚ ਦੁਨੀਆ ਭਰ ਦੇ ਧਾਰਮਿਕ ਸਥਾਨਾਂ ਅਤੇ ਧਾਰਮਿਕ ਪ੍ਰੋਗਰਾਮ ਵਾਲੇ ਥਾਵਾਂ ਉੱਤੇ ਵੀ ਪਿਆ ਹੈ। ਭਾਰਤ ਵਿੱਚ ਮਾਤਾ ਵੈਸ਼ਨੋ ਦੇਵੀ ਦਾ ਦਰਬਾਰ, ਮੁੰਬਈ ਦਾ ਸਿੱਧੀ ਵਿਨਾਇਕ ਮੰਦਰ, ਸਵਾਮੀ ਨਾਰਾਇਣ ਸੰਪਰਦਾ ਦੇ ਅਕਸ਼ਰਧਾਮ ਮੰਦਰ, ਇਟਲੀ ਵਿੱਚ ਵੈਟੀਕਨ ਸਿਟੀ ਅਤੇ ਮੱਕਾ ਵਿੱਚ ਇਸਲਾਮ ਦੇ ਕਾਬਾ ਵਰਗੇ ਸਥਾਨਾਂ ਉੱਤੇ ਲੋਕਾਂ ਦੇ ਆਉਣ-ਜਾਣ ਉੱਤੇ ਰੋਕ ਲਾ ਦਿੱਤੀ ਗਈ ਹੈ।

ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਵਿੱਚ ਵਿਦੇਸ਼ੀਆਂ ਦੇ ਆਉਣ ਉੱਤੇ ਰੋਕ ਲਾ ਦਿੱਤੀ ਗਈ ਹੈ ਤਾਂ ਜੋ ਵਾਇਰਸ ਦਾ ਵਧਣਾ ਰੋਕਿਆ ਜਾ ਸਕੇ। ਰਾਜ ਸਰਕਾਰ ਨੇ ਕੋਰੋਨਾ ਵਾਇਰਸ ਨੂੰ ਦੇਖਦੇ ਹੋਏ ਹਿਮਾਚਲ ਪ੍ਰਦੇਸ ਦੇ ਸਾਰੇ ਮੰਦਰ ਅਗਲੇ ਹੁਕਮਾਂ ਤਕ ਬੰਦ ਕਰਨ ਦਾ ਆਦੇਸ਼ ਦਿੱਤਾ ਹੈ। ਓਥੇ ਪੂਜਾ ਹੁੰਦੀ ਰਹੇਗੀ, ਪਰ ਸ਼ਰਧਾਲੂ ਮੰਦਰ ਕੰਪਲੈਕਸਾਂ ਵਿੱਚ ਨਹੀਂ ਜਾ ਸਕਣਗੇ, ਉਨ੍ਹਾਂ ਦੀ ਸਹੂਲਤ ਲਈ ਆਰਤੀ ਦੀ ਵੈੱਬਕਾਸਟਿੰਗ ਹੋਵੇਗੀ। ਸੰਬੰਧਤ ਵਿਭਾਗ ਵੱਲੋਂ ਆਦੇਸ਼ ਮੁਤਾਬਕ, ਜ਼ਿਲ੍ਹਾ ਪ੍ਰਸ਼ਾਸਨ ਦੀ ਇਜਾਜ਼ਤ ਬਿਨਾ ਜਗਰਾ-ਤੇ, ਲੰਗਰ, ਸਤਿਸੰਗ, ਪਾਰਟੀਆਂ ਨਹੀਂ ਹੋਣਗੀਆਂ। ਕਾਂਗੜਾ ਦੇ ਡਿਪਟੀ ਕਮਿਸ਼ਨਰ ਰਾਕੇਸ਼ ਪ੍ਰਜਾਪਤੀ ਨੇ ਆਦੇਸ਼ ਜਾਰੀ ਕਰ ਕੇ ਤਿੰਨ ਸ਼ਕਤੀ ਪੀਠ (ਮਾਂ ਚਿੰਤਪੁਰਨੀ, ਨੈਣਾ ਦੇਵੀ, ਜਵਾਲਾਜੀ, ਬ੍ਰਜੇਸ਼ਵਰੀ ਦੇਵੀ ਤੇ ਚਾਮੁੰਡਾ ਨੰਦੀਕੇਸ਼ਵਰ ਧਾਮ) ਨੂੰ ਮੰਗਲਵਾਰ ਸ਼ਾਮ ਤੋਂ ਬੰਦ ਕਰਵਾ ਦਿੱਤਾ ਹੈ।

ਕੋਰੋਨਾ ਵਾਇਰਸ ਕਾਰਨ ਮਹਾਰਾਸ਼ਟਰ ਵਿੱਚ ਸਿੱਧੀ ਵਿਨਾਇਕ ਮੰਦਰ ਵੀ ਬੰਦ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਮੰਦਰ ਅਗਲੇ ਹੁਕਮ ਤਕ ਬੰਦ ਰਹੇਗਾ। ਤਿਰੁਪਤੀ ਬਾਲਾਜੀ ਮੰਦਰ ਅਤੇ ਤਿਰੁਮਲਾ ਤਿਰੁਪਤੀ ਦੇਵਸਥਾਨਮ ਨੇ ਕੋਰੋਨਾ ਵਾਇਰਸ ਦੇ ਕਾਰਨ ਕਈ ਰੋਜ਼ਾਨਾ ਅਤੇ ਹਫ਼ਤਾਵਾਰੀ ਪੂਜਾ ਬੰਦ ਕਰ ਦਿੱਤੀਆਂ ਹਨ। ਮੰਦਰ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਤਿਰੁਮਲਾ ਤਿਰੁਪਤੀ ਮੰਦਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੀਤਾ ਗਿਆ ਹੈ।

ਇਸ ਦੌਰਾਨ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਅਸਥਾਨ ਕਾਬਾ ਦੇ ਮਤਾਫ਼ ਨੂੰ ਪਹਿਲੀ ਵਾਰ ਖ਼ਾਲੀ ਕਰਵ-ਾਇਆ ਗਿਆ। ਸਿਹਤ ਮੁਲਾਜ਼ਮਾਂ ਨੇ ਕਾਬਾ ਦੇ ਆਸ-ਪਾਸ ਦੀ ਜਗ੍ਹਾ ਨੂੰ ਸੈਨੇਟਾਈਜ਼ ਕੀਤਾ ਅਤੇ ਹਾਲ ਦੀ ਘੜੀ ਉਮਰਾ ਉੱਤੇ ਰੋਕ ਲਾ ਦਿੱਤੀ ਗਈ ਹੈ। ਇਟਲੀ ਵਿੱਚ ਈਸਾਈ ਧਰਮ ਦੇ ਕੇਂਦਰ ਵੈਟੀਕਨ ਸਿਟੀ ਵਿੱਚ ਪੋਪ ਫਰਾਂਸਿਸ ਨੂੰ ਸੁਣਨ ਲਈ ਇੰਨੀ ਭੀੜ ਹੁੰਦੀ ਹੈ ਕਿ ਪੈਰ ਰੱਖਣ ਦੀ ਥਾਂ ਨਹੀਂ ਹੁੰਦੀ। ਬੀਤੇ 8 ਮਾਰਚ ਨੂੰ ਪੋਪ ਫਰਾਂਸਿਸ ਨੇ ਆਪਣਾ ਸੁਨੇਹਾ ਵੀਡੀਓ ਕਾਨਫਰੰਸਿੰਗ ਦੇ ਰਾਹੀਂ ਦਿੱਤਾ ਅਤੇ ਲੋਕ ਵੀ ਮਾਸਕ ਪਹਿਨ ਕੇ ਸੰਦੇਸ਼ ਸੁਣਨ ਪੁੱਜੇ ਸਨ।

ਈਰਾਨ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਭਾਈਚਾਰਕ ਪ੍ਰਾਰਥਨਾ ਉੱਤੇ ਰੋਕ ਲਾਈ ਗਈ ਹੈ। ਇਸਰਾਈਲ ਵਿੱਚ ਬੈਥਲਹੈਮ ਸ਼ਹਿਰ ਵਿੱਚ ਇਕ ਚਰਚ ਵਿੱਚ ਮਾਸਕ ਪਹਿਨ ਕੇ ਸ਼ਰਧਾਲੂ ਜਾ ਰਹੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

## ਰਾਜਾ ਆਪਣੇ ਬੇਟੇ ਨੂੰ ਮਾਰਨ ਲਈ ਕੁਹਾੜੀ ਲੈ ਕੇ ਦੌੜਨ ਮਗਰੋਂ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ

ਕੇਪਟਾਊਨ, 16 ਮਾਰਚ (ਪੋਸਟ ਬਿਊਰੋ)- ਦੱਖਣੀ ਅਫਰੀਕਾ ਦਾ ਰਾਜਾ ਤੇ ਨੈਲਸਨ ਮੰਡੇਲਾ ਦਾ ਭਤੀਜਾ ਬੁਇਲੇਖਾਇਆ ਦਾਲਿੰਦੇਬੋ ਨੂੰ ਮਹਿਲ ਵਿੱਚ ਕੁਹਾੜੀ ਲੈ ਕੇ ਹੰਗਾਮਾ ਕਰਨ ਦੇ ਦੋਸ਼ ਵਿੱਚ ਜੇਲ੍ਹ ਭੇਜਿਆ ਗਿਆ ਹੈ।

ਮਿਲੀ ਰਿਪੋਰਟ ਅਨੁਸਾਰ ਕਿੰਗ ਬੁਇਲੇਖਾਇਆ ਦਾਲਿੰਦੇਬੋ ਪਿਛਲੇ ਸਾਲ ਦਸੰਬਰ ਵਿੱਚ ਪੈਰੋਲ ਉਤੇ ਜੇਲ੍ਹ 'ਚੋਂ ਬਾਹਰ ਆਇਆ ਸੀ। ਸ਼ੁੱਕਰਵਾਰ ਸਵੇਰੇ ਉਹ ਕੁਹਾੜੀ ਲੈ ਕੇ ਥੇਂਬੂ ਰਾਇਲ ਪੈਲੇਸ ਵਿੱਚ ਵੜਿਆ ਅਤੇ ਬੇਟੇ ਅਜੇਨਾਥੀ ਜੇਨੇਲਿਜਵੇ ਦਾਲਿੰਦੇਬੋ ਦੇ ਪਿੱਛੇ ਦੌੜਨ ਲੱਗਾ। ਉਸ ਨੇ ਮਹਿਲ ਦੀ ਖਿੜਕੀ ਵਿੱਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ, ਪਰ ਘਟਨਾ ਵਿੱਚ ਬੇਟੇ ਦੀ ਪਤਨੀ ਜ਼ਖਮੀ ਹੋ ਗਈ। ਸ਼ਾਹੀ ਬੁਲਾਰੇ ਦੇ ਅਨੁਸਾਰ ਰਾਜੇ ਦੇ ਜੇਲ੍ਹ ਜਾਣ ਦੇ ਬਾਅਦ ਉਸ ਦੇ ਬੇਟੇ ਨੂੰ ਕਾਰਜਕਾਰੀ ਰਾਜਾ ਐਲਾਨਿਆ ਗਿਆ ਸੀ। ਇਸ ਕਾਰਨ ਰਾਜਾ ਨਾਰਾਜ਼ ਸੀ। ਅਸਲ ਵਿੱਚ ਰਾਜਾ 1994 ਵਿੱਚ ਅਗਵਾ, ਸ਼ੋਸ਼ਣ ਅਤੇ ਅੱਗਜਨੀ ਵਰਗੀਆਂ ਘਟਨਾਵਾਂ ਵਿੱਚ ਦੋਸ਼ੀ ਪਾਇਆ ਗਿਆ ਸੀ। ਇਸ ਬਾਰੇ 2015 ਵਿੱਚ ਉਸ ਨੂੰ 12 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ, ਪਰ ਰਾਸ਼ਟਰਪਤੀ ਵੱਲੋਂ ਬੀਤੇ ਸਾਲ ਕੁਝ ਕੈਦੀਆਂ ਨੂੰ ਪੈਰੋਲ ਦੇਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੇ ਤਹਿਤ ਉਹ ਚਾਰ ਸਾਲ ਬਾਅਦ ਹੀ ਜੇਲ੍ਹ 'ਚੋਂ ਬਾਹਰ ਆ ਗਿਆ ਸੀ। ਕਿਸੇ ਅਪਰਾਧ ਵਿੱਚ ਦੋਸ਼ੀ ਹੋਣ ਅਤੇ ਜੇਲ੍ਹ ਜਾਣ ਵਾਲਾ ਇਹ ਪਹਿਲਾ ਦੱਖਣੀ ਅਫਰੀਕੀ ਸ਼ਾਸਕ ਸੀ। ਸ਼ਾਹੀ ਬੁਲਾਰੇ ਦਾ ਕਹਿਣਾ ਹੈ ਕਿ ਬੁਇਲੇਖਾਇਆ ਜਦ ਤੋਂ ਜੇਲ੍ਹ 'ਚੋਂ ਬਾਹਰ ਆਇਆ ਸੀ, ਤਦ ਤੋਂ ਥੇਂਬੂ ਰਾਇਲ ਫੈਮਿਲੀ ਵਿੱਚ ਤਣਾਅ ਦਾ ਮਾਹੌਲ ਸੀ। ਅੱਜ ਤੱਕ ਉਸ ਨੇ ਆਪਣੇ ਬੇਟੇ ਨਾਲ ਵੀ ਮੁਲਾਕਾਤ ਨਹੀਂ ਕੀਤੀ। ਸ਼ਾਹੀ ਪਰਵਾਰ ਨੇ ਤੈਅ ਕੀਤਾ ਕਿ ਅਜੇਨਾਥੀ ਨੂੰ ਘੱਟੋਂ ਘੱਟ ਇੱਕ ਸਾਲ ਤੱਕ ਕਾਰਜਕਾਰੀ ਰਾਜੇ ਦੇ ਅਹੁਦੇ 'ਤੇ ਰਹਿਣਾ ਚਾਹੀਦਾ ਹੈ। ਇਸ ਤੋਂ ਉਹ ਨਾਰਾਜ਼ ਸੀ। ਦੱਸਣਾ ਬਣਦਾ ਹੈ ਕਿ 56 ਸਾਲਾ ਬੁਇਲੇਖਾਇਆ ਦਾਲਿੰਦੇਬੋ ਥੇਂਬੂ ਭਾਈਚਾਰੇ ਤੋਂ ਆਉਂਦੇ ਹਨ।

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਪੰਜਾਬ ਵਿੱਚ ਮੈਰਿਜ ਪੈਲੇਸਾਂ ਵਿੱਚ 50 ਤੋਂ ਵੱਧ ਲੋਕਾਂ ਦੇ ਇਕੱਠ ਕਰਨ ਦੀ ਪਾਬੰਦੀ

*** ਕਿਸਾਨ ਮੰਡੀਆਂ, ਸ਼ਾਪਿੰਗ ਮਾਲ ਅਤੇ ਅਜਾਇਬ ਘਰ ਬੰਦ ਕਰਨ ਦੇ ਹੁਕਮ * ਭਾਰਤ ਨੇ ਕੁਝ ਹੋਰ ਦੇਸ਼ਾਂ ਤੋਂ ਆਉਂਦੇ ਲੋਕਾਂ ਉੱਤੇ ਪਾਬੰਦੀ ਲਾਈ * ਬ੍ਰਿਟੇਨ ਤੇ ਯੂਰਪ ਨੂੰ ਏਅਰ ਇੰਡੀਆ ਫਲਾਇਟਾਂ 31 ਮਾਰਚ ਤੱਕ ਰੱਦ**

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਫੈਲਣ ਵਾਸਤੇ ਰੋਕਣ ਲਈ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਐਡਵਾਈਜ਼ਰੀ ਨੂੰ ਧਿਆਨ ਵਿੱਚ ਰੱਖ ਕੇ ਪੰਜਾਬ ਦੇ ਮੰਤਰੀਆਂ ਦੇ ਗਰੁੱਪ (ਜੀ ਓ ਐੱਮ) ਨੇ ਅੱਜ ਜਨਤਕ ਇਕੱਠ ਨੂੰ ਰੋਕਣ ਲਈ ਕਈ ਹੋਰ ਸਖ਼ਤ ਕਦਮ ਚੁੱਕੇ ਹਨ।

ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਗਰੁੱਪ ਦੀ ਮੀਟਿੰਗ ਵਿੱਚ ਸਾਰੇ ਸ਼ਾਪਿੰਗ ਕੰਪਲੈਕਸ, ਮਾਲਜ਼, ਅਜਾਇਬਘਰ ਅਤੇ ਸਥਾਨਕ ਹਫਤਾਵਾਰੀ ਕਿਸਾਨ ਮੰਡੀਆਂ ਬੰਦ ਕਰਨ ਦੇ ਨਾਲ ਸਭ ਧਾਰਮਿਕ ਸੰਸਥਾਵਾਂ ਅਤੇ ਡੇਰਾ ਮੁਖੀਆਂ ਨੂੰ ਆਪਣੇ ਧਾਰਮਿਕ ਸਮਾਗਮ 31 ਮਾਰਚ 2020 ਤਕ ਮੁਲਤਵੀ ਕਰਨ ਲਈ ਕਿਹਾ ਗਿਆ ਹੈ। ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਐਡਵਾਈਜ਼ਰੀ ਮੁਤਾਬਕ ਮੰਤਰੀਆਂ ਦੇ ਗਰੁੱਪ ਨੇ ਮੈਰਿਜ ਪੈਲੇਸਾਂ ਵਿਖੇ ਕਰਵਾਏ ਜਾ ਰਹੇ ਵਿਆਹ ਸਮਾਗਮਾਂ ਵਿੱਚ ਇਕੱਠ ਕਰਨ ਉੱਤੇ ਰੋਕ ਲਾਉਣ ਦਾ ਫੈਸਲਾ ਕੀਤਾ ਹੈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਮੈਰਿਜ ਪੈਲੇਸਾਂ ਵਿੱਚ ਕਿਸੇ ਸਮਾਰੋਹ ਮੌਕੇ 50 ਵਿਅਕਤੀਆਂ ਤੋਂ ਵੱਧ ਇਕੱਠ ਨਾ ਹੋਣ ਦਿੱਤਾ ਜਾਵੇ। ਡਿਪਟੀ ਕਮਿਸ਼ਨਰਾਂ ਨੂੰ ਆਪਣੇ ਅਧਿਕਾਰ ਖੇਤਰ ਦੇ ਸਾਰੇ ਰੈਸਟੋਰੈਂਟ, ਹੋਟਲ, ਢਾਬੇ ਅਤੇ ਫੂਡ ਕੋਰਟਾਂ ਵਿੱਚ ਹੈਂਡ ਵਾਸ਼ਿੰਗ ਪ੍ਰੋਟੋਕੋਲ ਲਾਗੂ ਕਰਨ ਅਤੇ ਜਿਸ ਜਗ੍ਹਾ ਨੂੰ ਵੱਧ ਲੋਕ ਛੂੰਹਦੇ ਹਨ, ਉਨ੍ਹਾਂ ਥਾਵਾਂ ਉੱਤੇ ਯੋਗ ਸਫਾਈ ਦੇ ਨਾਲ ਲੋਕਾਂ ਤੇ ਟੇਬਲਾਂ ਵਿਚਾਲੇ 1 ਮੀਟਰ ਦੂਰੀ ਨੂੰ ਯਕੀਨੀ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ। ਰਾਜ ਦੇ ਸਾਰੇ ਸ਼ਾਪਿੰਗ ਕੰਪਲੈਕਸ, ਮਾਲ ਤੇ ਸਿਨੇਮਾ 31 ਮਾਰਚ ਤਕ ਬੰਦ ਰਹਿਣਗੇ, ਪਰ ਮਾਲਜ਼ ਵਿਚਲੀਆਂ ਕੈਮਿਸਟਾਂ ਤੇ ਕਰਿਆਨੇ ਦੀਆਂ ਦੁਕਾਨਾਂ ਨੂੰ ਇਸ ਪਾਬੰਦੀ ਤੋਂ ਛੋਟ



ਹੋਵੇਗੀ। ਲੋਕਾਂ ਨੂੰ ਇਕ ਥਾਂ ਇਕੱਠੇ ਹੋਣ ਤੋਂ ਰੋਕਣ ਲਈ ਸੂਬੇ ਦੀਆਂ ਸਾਰੀਆਂ ਹਫਤਾਵਾਰੀ ਕਿਸਾਨ ਮੰਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਮੰਤਰੀਆਂ ਦੇ ਗਰੁੱਪ ਨੇ ਲੋਕਾਂ ਦੀ ਸਹੂਲਤ ਲਈ ਰੇਹੜੀ ਵਾਲਿਆਂ ਨੂੰ ਗਲੀ/ ਮੁਹੱਲਿਆਂ ਵਿਚ ਸਬਜ਼ੀ ਵੇਚਣ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਦੇ ਨਾਲ ਮੰਤਰੀਆਂ ਦੇ ਗਰੁੱਪ ਨੇ ਸਕੂਲ ਸਿੱਖਿਆ ਵਿਭਾਗ ਤੇ ਨਿੱਜੀ ਵਿਦਿਅਕ ਸੰਸਥਾਵਾਂ ਨੂੰ ਪ੍ਰੀਖਿਆਵਾਂ ਮੁਲਤਵੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਜੇ ਪ੍ਰੀਖਿਆਵਾਂ ਕਰਾਉਣ ਦੀ ਸਖ਼ਤ ਲੋੜ ਹੋਵੇ ਤਾਂ ਉਹ ਸੰਸਥਾਵਾਂ ਤੇ ਸਕੂਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੂਚਿਤ ਕਰਨਗੇ ਤੇ ਯਕੀਨੀ ਬਣਾਉਣਗੇ ਕਿ ਦੋ ਵਿਦਿਆਰਥੀਆਂ ਵਿਚਾਲੇ ਇਕ ਮੀਟਰ ਦੀ ਦੂਰੀ ਰੱਖੀ ਜਾਵੇ।

ਇਸ ਦੌਰਾਨ ਭਾਰਤ ਵਿੱਚ ਵਧਦੇ ਕੋਰੋਨਾ ਦੇ ਪ੍ਰਭਾਵ ਨੂੰ ਦੇਖ ਕੇ ਭਾਰਤ ਸਰਕਾਰ ਨੇ ਅਫਗਾਨਿਸਤਾਨ, ਫਿਲੀਪੀਂਸ ਤੇ ਮਲੇਸ਼ੀਆ ਤੋਂ ਆ ਰਹੇ ਯਾਤਰੀਆਂ ਦੇ ਦਾਖ਼ਲੇ ਉੱਤੇ ਪਾਬੰਦੀ ਲਾ ਦਿੱਤੀ ਹੈ। ਐਡੀਸ਼ਨਲ ਟ੍ਰੈਵਲ ਐਡਵਾਈਜ਼ਰ ਨੇ ਇਸ ਬਾਰੇ ਦੱਸਿਆ ਹੈ ਕਿ 11 ਮਾਰਚ ਤੇ 16 ਮਾਰਚ ਨੂੰ ਜਾਰੀ ਕੀਤੀ ਐਡਵਾਈਜ਼ਰੀ ਨੂੰ ਵਧਾਉਂਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਕੋਈ ਵੀ ਯਾਤਰੀ ਇਨ੍ਹਾਂ ਤਿੰਨ ਦੇਸ਼ਾਂ ਤੋਂ ਭਾਰਤ ਦੀ ਫਲਾਈਟ ਨਹੀਂ ਲੈ ਸਕੇਗਾ। ਇਸ ਤੋਂ ਇਲਾਵਾ ਨਵੀਆਂ ਹਦਾਇਤਾਂ ਅਨੁਸਾਰ ਯੂ ਏ ਈ, ਕਤਰ, ਓਮਾਨ ਅਤੇ ਕੁਵੈਤ ਤੋਂ ਆਏ ਯਾਤਰੀਆਂ ਨੂੰ ਘੱਟੋ ਘੱਟ 14 ਦਿਨ ਆਈਸੋਲੇਸ਼ਨ ਦੇ ਲਈ ਵੱਖਰੇ ਰੱਖਣ ਦੇ ਨਿਰਦੇਸ਼ ਜਾਰੀ ਹੋਏ ਹਨ।

ਭਾਰਤ ਵਿੱਚ ਅੱਜ ਮੰਗਲਵਾਰ ਤੱਕ ਕੋਰੋਨਾ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਪਹਿਲੀ ਮੌਤ ਕਰਨਾਟਕ ਦੇ ਕੁਲਬਰਗੀ, ਦੂਸਰੀ ਦਿੱਲੀ ਵਿੱਚ ਤੇ ਤੀਜੀ ਮੁੰਬਈ ਵਿੱਚ ਹੋਈ ਹੈ। ਅੱਜ ਤਕ ਕੋਰੋਨਾ ਦਾ ਕਹਿਰ 15 ਰਾਜਾਂ ਵਿੱਚ ਪਹੁੰਚ ਚੁੱਕਾ ਹੈ ਅਤੇ 143 ਲੋਕ ਇਸ ਤੋਂ ਪ੍ਰਭਾਵਿਤ ਹਨ।

# ਕੈਪਟਨ ਨੇ ਕਿਹਾ: ਨਿਰਾਸ਼ਾ ਵਿੱਚ ਡੁੱਬਿਆ ਸੁਖਬੀਰ ਝੂਠ ਦਾ ਸਹਾਰਾ ਲੈਣ ਲੱਗੈ

*** ਸੁਖਬੀਰ ਵੱਲੋਂ ਬੇਅਦਬੀ ਘਟਨਾਵਾਂ ਪਿੱਛੇ ਕਾਂਗਰਸ ਦਾ ਹੱਥ ਹੋਣ ਦਾ ਦੋਸ਼**



ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਕੋਰੇ ਝੂਠ ਮਾਰਨ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਇਸ ਨਾਲ ਉਸ ਦੀ ਨਿਰਾਸ਼ਾ ਪ੍ਰਗਟ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਆਪਣੇ ਖੁਰੇ ਹੋਏ ਸਿਆਸੀ ਵੱਕਾਰ ਨੂੰ ਬਹਾਲ ਕਰਨ ਦੇ ਲਈ ਹੱਥ-ਪੈਰ ਮਾਰ ਰਿਹਾ ਹੈ, ਜਿਸ ਲਈ ਉਸ ਨੇ ਸੰਜੀਦਗੀ ਦਾ ਵੀ ਪੱਲਾ ਛੱਡ ਦਿੱਤਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਅਕਾਲੀ ਦਲ ਦਾ ਪ੍ਰਧਾਨ ਕਿਹੋ ਜਿਹੇ ਕਿਰਦਾਰ ਵਾਲਾ ਇਨਸਾਨ ਹੈ ਅਤੇ ਸੂਬੇ ਦੇ ਲੋਕ ਉਸ ਨੂੰ ਅਤੇ ਉਸ ਦੀ ਪਾਰਟੀ ਨੂੰ ਪੂਰੀ ਤਰ੍ਹਾਂ ਰੱਦ ਕਰ ਚੁੱਕੇ ਹਨ। ਇਹ ਇਹੋ ਜਿਹੀ ਜ਼ਲਾਲਤ ਹੈ, ਜਿਸ ਨਾਲ ਉਸ ਕੋਲੋਂ ਹਉਮੈ ਨੂੰ ਨਿਗਲਿਆ ਨਹੀਂ ਜਾ ਸਕਦਾ। ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਖਿਲਾਫ਼ ਸੁਖਬੀਰ ਸਿੰਘ ਬਾਦਲ ਦਾ ਤਾਜ਼ਾ ਹਮਲਾ ਉਸ ਦੀ ਨਿਰਾਸ਼ਾ ਜ਼ਾਹਰ ਕਰਦਾ ਹੈ, ਜਿਸ ਵਿੱਚੋਂ ਉਹ ਇਸ ਵੇਲੇ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਅਤੇ ਬੇਅਦਬੀ ਦੇ ਹੋਰ ਕੇਸਾਂ ਤੋਂ ਲੋਕਾਂ ਦਾ ਧਿਆਨ ਹਟਾਉਣ ਦੀਆਂ ਨਿਰਾਸ਼ਾ ਜਨਕ ਕੋਸ਼ਿਸ਼ਾਂ ਨਾਲ ਸੁਖਬੀਰ ਸਿੰਘ ਸਪੱਸ਼ਟ ਤੌਰ ਉੱਤੇ ਤਲਖ ਹਕੀਕਤਾਂ ਨਾਲ ਜੂਝ ਰਿਹਾ ਹੈ ਕਿ ਉਸ ਦੇ ਜੁਰਮ ਹੀ ਉਸ ਨੂੰ ਫੜ ਰਹੇ ਹਨ। ਉਨ੍ਹਾਂ ਕਿਹਾ ਕਿ ਬਰਗਾੜੀ ਕੇਸ ਵਿੱਚ ਸੁਖਬੀਰ ਸਿੰਘ ਵਲੋਂ ਕਾਂ-ਗਰਸ ਦੀ ਸਰਕਾਰ ਖਿਲਾਫ਼ ਦੋਸ਼ ਲਾਉਣ ਤੋਂ ਸਿੱਧ ਹੁੰਦਾ ਹੈ ਕਿ ਉਸ ਨੂੰ ਪਤਾ ਲੱਗ ਗਿਆ ਹੈ ਕਿ ਉਹ ਅਤੇ ਉਸ ਦੀ ਪਾਰਟੀ ਦੇ ਸਾਥੀ ਘਿਰ ਗਏ ਹਨ ਅਤੇ ਬਹੁਤਾ ਸਮਾਂ ਕਾਨੂੰਨ ਦੀ ਮਾਰ ਤੋਂ ਬਚ ਨਹੀਂ ਸਕਦੇ।

ਕੈਪਟਨ ਅਮਰਿੰਦਰ ਨੇ ਕਿਹਾ ਕਿ ਕੀ ਸੁਖਬੀਰ ਸਿੰਘ ਇਹ ਭੁੱਲ ਗਿਆ ਹੈ ਕਿ ਜਦੋਂ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਸੀ ਤਾਂ ਓਦੋਂ ਇਸ ਰਾਜ ਵਿੱਚ ਉਸ ਦੀ ਤੇ ਉਸ ਦੇ ਪਰਿਵਾਰ ਦੀ ਸਰਕਾਰ ਸੀ? ਕੀ ਉਹ ਭੁੱਲ ਗਿਆ ਕਿ ਜਦੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਬੇਕਸੂਰ ਲੋਕਾਂ ਉੱਤੇ ਗੋਲੀ ਚਲਾਈ ਗਈ, ਓਦੋਂ ਪੰਜਾਬ ਦਾ ਗ੍ਰਹਿ ਮੰਤਰੀ ਉਹ ਆਪ ਹੀ ਸੀ? ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਉਹ ਇਸ ਕੌੜੀ ਸੱਚਾਈ ਤੋਂ ਮੂੰਹ ਮੋੜ ਲੈਣਾ ਚਾਹੁੰਦਾ ਹੈ, ਪਰ ਜੋ ਕੁਝ ਅਕਾਲੀ-ਭਾਜਪਾ ਸਰਕਾਰ ਦੇ ਨੱਕ ਥੱਲੇ ਵਾਪਰਿਆ ਹੈ, ਉਸ ਨੂੰ ਨਾ ਪੰਜਾਬ ਦੇ ਲੋਕ ਭੁੱਲੇ ਹਨ ਅਤੇ ਨਾ ਉਸ ਨੂੰ ਅਤੇ ਉਸ ਦੀ ਪਾਰਟੀ ਨੂੰ ਮੁਆਫ਼ ਕੀਤਾ ਜਾ ਸਕਦਾ ਹੈ।

ਅਸਲ ਵਿੱਚ ਇਸ ਤੋਂ ਪਹਿਲਾਂ ਅੱਜ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਅੰਦਰ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਕਾਂ-ਗਰਸ ਨੂੰ ਜ਼ਿੰਮੇਵਾਰ ਆਖਿਆ ਸੀ। ਉਨ੍ਹਾਂ ਕਿਹਾ ਕਿ ਪੁਖਤਾ ਸਬੂਤ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਘਟਨਾਵਾਂ ਅਕਾਲੀ-ਭਾਜਪਾ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦਾ ਹਿੱਸਾ ਸਨ। ਪਾਰਟੀ ਦੇ ਮੁੱਖ ਦਫਤਰ ਵਿਖੇ ਪੈੱਸ ਕਾਨਫਰੰਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਤੋਂ ਬਾਅਦ ਦੀਆਂ ਘਟਨਾਵਾਂ ਨੇ ਸਾਜ਼ਿਸ਼ ਵਿਚ ਕਾਂਗਰਸ ਦਾ ਹੱਥ ਹੋਣ ਦਾ ਪੱਕਾ ਸਬੂਤ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਚਸ਼ਮਦੀਦ ਗਵਾਹ ਸੁਰਜੀਤ ਸਿੰਘ ਦੇ ਬਿਆਨ ਨੇ ਕਾਂਗਰਸ ਸਰਕਾਰ ਨੂੰ ਪ੍ਰੇਸ਼ਾਨ ਕਰ ਦਿੱਤਾ ਸੀ, ਕਿਉਂਕਿ ਉਹ ਜਾਣਦੇ ਸਨ ਕਿ ਪੈੜਾਂ ਦੇ ਨਿਸ਼ਾਨ ਉਨ੍ਹਾਂ ਦੇ ਘਰ ਤਕ ਆਉਣਗੇ। ਏਸੇ ਲਈ ਹੀ ਉਨ੍ਹਾਂ ਨੇ ਮੁੱਖ ਗਵਾਹ ਉੱਤੇ ਬਿਆਨ ਬਦਲਣ ਦਾ ਦਬਾਅ ਪਾ ਕੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਇਸ ਕਰ ਕੇ ਮੁੱਖ ਗਵਾਹ ਦੀ ਰਹੱਸਮਈ ਹਾਲਾਤ ਵਿਚ ਮੌਤ ਹੋਈ ਸੀ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਕਾਂਗਰਸ ਦੇ ਹੱਥਾਂ ਦੇ ਤੋਤੇ ਉੱਡ ਗਏ ਸਨ ਅਤੇ ਇਸ ਨੇ ਮੁੱਖ ਗਵਾਹਾਂ ਨੂੰ ਸੱਚ ਬੋਲਣ ਤੋਂ ਰੋਕਣ ਅਤੇ ਆਪਣੇ ਪਹਿਲੇ ਬਿਆਨ ਬਦਲਣ ਵਾਸਤੇ ਦਬਾਅ ਪਾਉਣ ਲਈ ਗੁਰਪ੍ਰੀਤ ਸਿੰਘ ਕਾਂਗੜ ਤੇ ਕੁਸ਼ਲਦੀਪ ਸਿੰਘ ਢਿੱਲੋਂ ਦੀ ਡਿਊਟੀ ਲਾਈ ਸੀ। ਉਨ੍ਹਾਂ ਕਿਹਾ ਕਿ ਮਰਹੂਮ ਮੁੱਖ ਗਵਾਹ ਦੀ ਪਤਨੀ ਜਸਬੀਰ ਕੌਰ ਦੇ ਬਿਆਨਾਂ ਨਾਲ ਕਾਂਗਰਸ ਦਾ ਪਰਦਾ ਫਾਸ਼ ਹੋ ਗਿਆ ਹੈ। ਕਿਸੇ ਹੋਰ ਰਾਜ ਵਿੱਚ ਅਜਿਹੀ ਘਟਨਾ ਨੇ ਸਰਕਾਰ ਨੂੰ ਹਿਲਾ ਕੇ ਰੱਖ ਦੇਣਾ ਸੀ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਨਾ ਸਿਰਫ ਚੁੱਪੀ ਧਾਰੀ ਹੋਈ ਹੈ, ਸਗੋਂ ਦੋਸ਼ੀ ਆਗੂਆਂ ਦੀ ਸਰਪ੍ਰਸਤੀ ਕਰ ਰਹੇ ਹਨ ਤੇ ਮ੍ਰਿਤਕ ਦੀ ਪਤਨੀ ਦੀ ਕੋਈ ਗੱਲ ਸੁਣਨ ਤੋਂ ਇਨਕਾਰੀ ਹਨ, ਕਿਉਂ? ਉਨ੍ਹਾਂ ਕਿਹਾ ਕਿ ਮੈਂ ਸਿੱਧਾ ਜਿਹਾ ਸੁਆਲ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਸੱਚਾਈ ਨੂੰ ਕਿਉਂ ਦਬਾਉਣਾ ਚਾਹੁੰਦੀ ਹੈ? ਮੁੱਖ ਮੰਤਰੀ ਢਿੱਲੋਂ ਅਤੇ ਕਾਂਗੜ ਖ਼ਿਲਾਫ ਕਾਰਵਾਈ ਕਿਉਂ ਨਹੀਂ ਕਰ ਰਹੇ?

# ਨਾਜ਼ਾਇਜ਼ ਸਬੰਧਾਂ ਦੇ ਕਾਰਨ ਪਤਨੀ ਦਾ ਕਤਲ

ਲੁਧਿਆਣਾ, 17 ਮਾਰਚ (ਪੋਸਟ ਬਿਊਰੋ)- ਥਾਣਾ ਸਦਰ ਦੇ ਘੇਰੇ ਅੰਦਰ ਪੈਂਦੇ ਇਲਾਕੇ ਪਾਮ ਵਿਹਾਰ ਵਿੱਚ ਨਾਜ਼ਾਇਜ਼ ਸਬੰਧਾਂ ਦੇ ਸ਼ੱਕ ਬਾਰੇ ਪਤੀ ਵੱਲੋਂ ਪਤਨੀ ਦਾ ਕਤਲ ਕੀਤੇ ਜਾਣ ਦਾ ਕੇਸ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਔਰਤ ਦੀ ਸ਼ਨਾਖਤ ਤਾਰਾ ਦੇਵੀ ਵਜੋਂ ਕੀਤੀ ਗਈ ਹੈ। ਉਸ ਦੀ ਉਮਰ 35 ਸਾਲ ਦੇ ਕਰੀਬ ਸੀ। ਪੁਲਸ ਅਨੁਸਾਰ ਤਾਰਾ ਦੇਵੀ ਦਾ ਵਿਆਹ ਕੁਝ ਸਾਲ ਪਹਿਲਾਂ ਵਿਜੈ ਪ੍ਰਕਾਸ਼ ਨਾਲ ਹੋਇਆ ਸੀ, ਪਰ ਉਸ ਨੂੰ ਆਪਣੀ ਪਤਨੀ ਉਤੇ ਸ਼ੱਕ ਸੀ ਕਿ ਉਸ ਦੇ ਭਤੀਜੇ ਦੀਪਕ ਨਾਲ ਨਾਜ਼ਾਇਜ਼ ਸਬੰਧ ਹਨ। ਕੱਲ੍ਹ ਰਾਤ ਵਿਜੇ ਪ੍ਰਕਾਸ਼ ਦੇ ਘਰ ਦੀਪਕ ਆਇਆ ਅਤੇ ਦੋਵਾਂ ਨੇ ਸ਼ਰਾਬ ਪੀਤੀ। ਸ਼ਰਾਬ ਪੀਣ ਸਮੇਂ ਵਿਜੇ ਪ੍ਰਕਾਸ਼ ਅਤੇ ਦੀਪਕ ਦਾ ਇਸ ਗੱਲ ਬਾਰੇ ਆਪਸ ਵਿੱਚ ਟਕਰਾਅ ਹੋ ਗਿਆ, ਜਿਸ 'ਤੇ ਵਿਜੈ ਪ੍ਰਕਾਸ਼ ਵੱਲੋਂ ਦੀਪਕ ਦੀ ਕੁੱਟਮ-ਾਰ ਕਰਨ ਉਪਰੰਤ ਉਸ ਨੂੰ ਉਥੋਂ ਭਜਾ ਦਿੱਤਾ। ਉਸ ਦੇ ਬਾਅਦ ਵਿਜੈ ਪ੍ਰਕਾਸ਼ ਨੇ ਆਪਣੀ ਪਤਨੀ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਸ਼ੁਰੂ ਦਿੱਤੀ। ਪੁਲਸ ਅਨੁਸਾਰ



ਵਿਜੈ ਵੱਲੋਂ ਤਾਰਾ ਦੇਵੀ ਦੇ ਸਿਰ 'ਤੇ ਤਵੇ ਨਾਲ ਕਈ ਵਾਰ ਕੀਤੇ। ਸਿੱਟੇ ਵਜੋਂ ਤਾਰਾ ਦੇਵੀ ਲਹੂ ਲੁਹਾਨ ਹੋਈ ਡਿੱਗ ਪਈ। ਪੁਲਸ ਅਨੁਸਾਰ ਦੋਸ਼ੀ ਪੂਰੀ ਰਾਤ ਉਸਦੀ ਕੁੱਟਮਾਰ ਕਰਦਾ ਰਿਹਾ ਤੇ ਸਵੇਰੇ ਵਿਜੈ ਨੇ ਆਪਣੇ ਗੁਆਂਢੀਆਂ ਨੂੰ ਤਾਰਾ ਦੇਵੀ ਦੀ ਮੌਤ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਵੱਲੋਂ ਵਿਜੈ ਪ੍ਰਕਾਸ਼ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ। ਮ੍ਰਿਤਕ ਔਰਤ ਦੀ ਇੱਕ 13 ਸਾਲ ਦੀ ਲੜਕੀ ਹੈ ਜੋ ਕਿ ਬੀਤੀ ਰਾਤ ਆਪਣੇ ਰਿਸ਼ਤੇਦਾਰਾਂ ਦੇ ਘਰ ਗਈ ਹੋਈ ਸੀ। ਪੁਲਸ ਵੱਲੋਂ ਵਿਜੈ ਪ੍ਰਕਾਸ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਕੋਰੋਨਾ ਵਾਇਰਸ ਦੀ ਦਹਿਸ਼ਤ: ਵਿਆਹਾਂ ਦੀਆਂ ਤਰੀਕਾਂ ਅੱਗੇ ਪੈਣ ਲੱਗ ਪਈਆਂ

ਚੰਡੀਗੜ੍ਹ, 16 ਮਾਰਚ (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਫੈਲੀ ਹੋਈ ਬਿਮਾਰੀ ਕੋਰੋਨਾ ਵਾਇਰਸ ਕਾਰਨ ਵਿਆਹਾਂ ਦੀਆਂ ਤਰੀਕਾਂ ਵੀ ਅੱਗੇ ਪੈਣ ਲੱਗ ਪਈਆਂ ਹਨ ਤੇ ਪਹਿਲਾਂ ਤੋਂ ਕੀਤੀਆਂ ਮੈਰਿਜ ਪੈਲੇਸਾਂ) ਦੀਆਂ ਬੁਕਿੰਗਾਂ ਰੱਦ ਹੋਣ ਲੱਗ ਪਈਆਂ ਹਨ। ਇਸ ਨਾਲ ਸਮਾਜੀ ਤਾਣਾ-ਬਾਣਾ ਵੀ ਪ੍ਰਭਾਵਤ ਹੋਣ ਲੱਗ ਪਿਆ ਹੈ।



ਭਾਰਤੀ ਅਤੇ ਪੰਜਾਬੀ ਸਮਾਜ ਵੱਚਿ ਵਿਆਹ ਨੂੰ ਜ਼ਿੰਦਗੀ ਦਾ ਅਹਿਮ ਪੱਖ ਮੰਨਿਆ ਜਾਂਦਾ ਹੈ, ਪਰ ਲੋਕ ਸਮਝਦੇ ਹਨ ਕਿ ਪਹਿਲਾਂ ਜ਼ਿੰਦਗੀ ਜ਼ਰੂਰੀ ਹੈ, ਇਸ ਲਈ ਹਾਲ ਦੀ ਘੜੀ ਵਿਆਹਾਂ ਦੀਆਂ ਤਰੀਕਾਂ ਨੂੰ ਟਾਲਣ 'ਚ ਭਲਾਈ ਸਮਝਣ ਲੱਗੇ ਹਨ। ਮੈਰਿਜ ਪੈਲੇਸਾਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਲੋਕ ਆਪਣੀਆਂ ਬੁਕਿੰਗਾਂ ਮਹੀਨੇ ਤੱਕ ਲਈ ਮੁਲਤਵੀ ਕਰ ਰਹੇ ਹਨ। ਇਸੇ ਹਫਤੇ ਕਈ ਬੁਕਿੰਗਾਂ ਰੱਦ ਹੋ ਗਈਆਂ ਹਨ। ਇਸ ਦਾ ਕਾਰਨ ਇਹ ਮੰਨਿਆ ਗਿਆ ਹੈ ਕਿ ਵਿਆਹ ਸਮਾਗਮ 'ਚ ਇਕੱਠ ਕਾਫੀ ਜ਼ਿਆਦਾ ਹੁੰਦਾ ਹੈ ਤੇ ਖੁਸ਼ੀ ਦੇ ਮੌਕੇ ਯਾਦ ਨਹੀਂ ਰਹਿੰਦਾ ਕਿ ਇੱਕ ਦੂਜੇ ਨੂੰ ਕਿਵੇਂ ਮਿਲਿਆ ਜਾਵੇ। ਦੂਜਾ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਮਹਿਮਾਨ ਦੂਰੋਂ-ਦੂਰੋਂ ਆਉਂਦੇ ਹਨ, ਇਸ ਲਈ ਲੋਕ ਆਪਣੇ ਅਤੇ ਮਹਿਮਾਨਾਂ ਲਈ ਕੋਈ ਰਿਸਕ ਲੈਣ ਨੂੰ ਤਿਆਰ ਨਹੀਂ ਹਨ। ਮੈਰਿਜ ਪੈਲੇਸਾਂ ਦੇ ਮਾਲਕਾਂ ਨੇ ਦੱਸਿਆ ਕਿ ਵਿਆਹਾਂ ਵਿੱਚ ਬਹੁਤ ਸਾਰੇ ਮਹਿਮਾਨ ਵਿਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਵੀ ਹੁੰਦੇ ਹਨ, ਪਰ ਕੋਰੋਨਾ ਵਾਇਰਸ ਦੀ ਬਿਮਾਰੀ ਫੈਲੀ ਹੋਣ ਕਾਰਨ ਉਹ ਆ ਨਹੀਂ ਸਕਦੇ। ਭਾਰਤ ਅਤੇ ਕਈ ਹੋਰ ਦੇਸ਼ਾਂ ਨੇ ਆਪੋ-ਆਪਣੀਆਂ ਏਅਰਲਾਈਨਾਂ ਦੀਆਂ ਉਡਾਣਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਹਨ। ਵਿਦੇਸ਼ ਤੋਂ ਪਰਤੇ ਭਾਰਤੀਆਂ ਨੂੰ ਵੀ 14 ਦਿਨ ਵੱਖਰੇ ਵਾਰਡ 'ਚ ਰਹਿਣਾ ਪੈਂਦਾ ਹੈ। ਇਸ ਸਮੱਸਿਆ ਨਾਲ ਸਮਾਜੀ ਵਿਹਾਰ ਦੀ ਚਾਲ 'ਤੇ ਬਰੇਕ ਲੱਗ ਗਈ ਹੈ। ਪਹਿਲਾਂ ਇਸ ਦਾ ਅਸਰ ਅਰਥ ਵਿਵਸਥਾ 'ਤੇ ਦੇਖਿਆ ਗਿਆ, ਪਰ ਜਿਵੇਂ ਜਿਵੇਂ ਕਹਿਰ ਵਧਿਆ, ਇਸ ਦਾ ਅਸਰ ਸਮਾਜਕ ਜੀਵਨ 'ਤੇ ਵੀ ਪੈਣ ਲੱਗਾ ਹੈ।

# ਕੋਰੀਅਰ ਕੰਪਨੀ ਦੇ ਦਫਤਰ ਤੋਂ ਬਦਮਾਸ਼ਾਂ ਨੇ 7.50 ਲੱਖ ਲੁੱਟੇ

ਕਿਸ਼ਨਗੰਜ, 17 ਮਾਰਚ (ਪੋਸਟ ਬਿਊਰੋ)- ਠਾਕੁਰਗੰਜ ਨਗਰ ਦੇ ਭੀਮ ਬਾਲਿਸ਼ ਚੌਕ ਦੇ ਨੇੜੇ ਇੱਕ ਘਰ ਵਿੱਚ ਚਲਾਈ ਜਾ ਰਹੀ ਨਿੱਜੀ ਕੋਰੀਅਰ ਕੰਪਨੀ ਡਿਲੇਵਰੀ ਪ੍ਰਾਈਵੇਟ ਲਿਮਟਿਡ ਦੇ ਦਫਤਰ ਤੋਂ ਕੱਲ੍ਹ ਦੁਪਹਿਰ ਪੌਣੇ ਦੋ ਵਜੇ ਦੋ ਨਿਹੱਥੇ ਅਪਰਾਧੀਆਂ ਨੇ 7.50 ਲੱਖ ਰੁਪਏ ਲੁੱਟ ਲਏ ਤੇ ਫਰਾਰ ਹੋ ਗਏ। ਇਸ ਵਾਰਦਾਤ ਦੇ ਸਮੇਂ ਦਫਤਰ ਵਿੱਚ ਕੰਪਨੀ ਦੇ ਮੈਨੇਜਰ ਅਨੁਜ ਕੁਮਾਰ ਅਤੇ ਉਸ ਦਾ ਇੱਕ ਸਾਥੀ ਮੁਲਾਜ਼ਮ ਮੌਜੂਦ ਸੀ। ਦੋਵਾਂ ਨੇ ਦੱਸਿਆ ਕਿ ਉਹ ਦਫਤਰ ਵਿੱਚ ਕੰਮ ਕਰ ਰਹੇ ਸਨ ਤਾਂ ਹੈਲਮੇਟ ਵਾਲੇ ਦੋ ਅਪਰਾਧੀ ਦਫਤਰ ਵਿੱਚ ਆਏ ਅਤੇ ਆਉਂਦੇ ਸਾਰ ਦੋਵਾਂ ਦੇ ਸਿਰ ਨੂੰ ਹੇਠਾਂ ਝੁਕਾ ਦਿੱਤਾ ਅਤੇ 52 ਸੈਕਿੰਡ ਵਿੱਚ ਦਰਵਾਜ਼ਾ ਬੰਦ ਕਰ ਕੇ ਬੈਗ ਵਿੱਚ ਸਾਢੇ ਸੱਤ ਲੱਖ ਰੁਪਏ ਲੈ ਕੇ ਫਰਾਰ ਹੋ ਗਏ। ਅਪਰਾਧੀਆਂ ਨੇ ਜਾਂਦੇ ਸਮੇਂ ਦਰਵਾਜ਼ਾ ਬਾਹਰੋਂ ਬੰਦ ਕਰ ਦਿੱਤਾ। ਦਸ ਮਿੰਟ ਤੱਕ ਦਰਵਾਜ਼ੇ ਖੜਕਾਉਣ ਪਿੱਛੋਂ ਮਕਾਨ ਮਾਲਕ ਨੇ ਬਾਹਰੋਂ ਖੋਲ੍ਹਿਆ ਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਪੁਲਸ ਮੌਕੇ 'ਤੇ ਪਹੁੰਚੀ ਅਤੇ ਪੀੜਤ ਮੁਲਾਜ਼ਮਾਂ ਤੋਂ ਪੁੱਛਗਿੱਛ ਕੀਤੀ। ਦਫਤਰ ਆਨਲਾਈਨ ਕੋਰੀਅਰ ਕੰਪਨੀ ਦਾ ਹੈ। ਇਸ ਵਿੱਚ 12 ਮੁਲਾਜ਼ਮ ਕੰਮ ਕਰਦੇ ਹਨ। ਬਹੁਤੇ ਮੁਲਾਜ਼ਮ ਫੀਲਡ ਵਿੱਚ ਹੁੰਦੇ ਹਨ। ਦੋ ਜਾਂ ਤਿੰਨ ਮੁਲਾਜ਼ਮ ਦਫਤਰ ਵਿੱਚ ਬੈਠਦੇ ਹਨ। ਠਾਕੁਰਗੰਜ ਥਾਣਾ ਮੁਖੀ ਨੇ ਦੱਸਿਆ ਕਿ ਘਟਨਾ ਦੀ ਫੁਟੇਜ਼ ਦੇਖਣ ਪਿੱਛੋਂ ਪੁਲਸ ਜਾਂਚ ਵਿੱਚ ਲੱਗ ਗਈ ਹੈ। ਇਹ ਲੁੱਟ ਖਸੁੱਟ ਦੀ ਘਟਨਾ ਹੈ ਜਾਂ ਸਾਜ਼ਿਸ਼ਨ ਲੁੱਟ ਦੀ, ਪੁਲਸ ਇਸ ਦਾ ਪਤਾ ਲਾਏਗੀ। ਫੁਟੇਜ ਦੇਖਣ ਤੋਂ ਬਹੁਤ ਕੁਝ ਸਪੱਸ਼ਟ ਪਤਾ ਲੱਗਦਾ ਹੈ।

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre

Daljit Singh, President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Toronto $179,000** — barBURRITO — 6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900** — Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900** — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000** — Photo Not Available — 10635 Bramalea Rd J-4:Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000** — 373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000** — Photo Not Available — 5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000** — Photo Not Available — Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000** — Photo Not Available — 284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000** — 7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000** — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000** — 15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000** — Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000** — Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000** — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਡਿਪਟੀ ਕਮਿਸ਼ਨਰ ਵੱਲੋਂ ਸ਼ਹਿਰ ਦੀਆਂ ਸਬਜ਼ੀ ਮੰਡੀਆਂ ਦਾ ਅਚਨਚੇਤ ਦੌਰਾ

***ਸਫ਼ਾਈ ਰੱਖਣ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਕੀਤੇ ਜਾਰੀ**





ਕਪੂਰਥਲਾ, 17 ਮਾਰਚ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਦੀਪਤੀ ਉੱਪਲ ਵੱਲੋਂ ਅੱਜ ਅਧਿਕਾਰੀਆਂ ਸਮੇਤ ਸ਼ਹਿਰ ਦੀ ਨਵੀਂ ਅਤੇ ਪੁਰਾਣੀ ਸਬਜ਼ੀ ਮੰਡੀ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਮੰਡੀਆਂ ਦੀ ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਕੂੜੇ ਦੀ ਰੋਜ਼ਾਨਾ ਚੁਕਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਕਿਧਰੇ ਵੀ ਸਬਜ਼ੀਆਂ ਦੀ ਰਹਿੰਦ-ਖੂੰਹਦ ਅਤੇ ਕੂੜੇ ਦੇ ਢੇਰ ਆਦਿ ਨਜ਼ਰ ਨਹੀਂ ਆਉਣੇ ਚਾਹੀਦੇ। ਇਸੇ ਤਰ੍ਹਾਂ ਉਨ੍ਹਾਂ ਮੰਡੀਆਂ ਵਿਚ ਬਦਬੂ ਨੂੰ ਰੋਕਣ ਲਈ ਹਰਬਲ ਸੈਨੀਟਾਈਜ਼ਰ ਦੀ ਵਰਤੋਂ ਕਰਨ ਜਾਂ ਕੋਈ ਹੋਰ ਉਚਿਤ ਢੰਗ ਅਪਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਮੰਡੀਆਂ ਵਿਚ ਪਲਾਸਟਿਕ ਦੀ ਵਰਤੋਂ ਨੂੰ ਰੋਕਿਆ ਜਾਵੇ ਅਤੇ ਇਥੇ ਖ਼ਰੀਦਦਾਰੀ ਕਰਨ ਲਈ ਆਉਣ ਵਾਲੇ ਲੋਕਾਂ ਨੂੰ ਆਪਣੇ ਕੱਪੜੇ ਜਾਂ ਜੂਟ ਦੇ ਥੈਲੇ ਲੈ ਕੇ ਆਉਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਵੀਂ ਸਬਜ਼ੀ ਮੰਡੀ ਦੇ ਸਾਰੇ ਐਂਟਰੀ ਪੁਆਇੰਟਾਂ ਦੇ ਰਸਤੇ ਨੂੰ ਦੋ ਦਿਨਾਂ ਅੰਦਰ ਠੀਕ ਕਰਵਾਇਆ ਜਾਵੇ, ਤਾਂ ਜੋ ਬਰਸਾਤ ਦੇ ਦਿਨਾਂ ਵਿਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹ-ਮਣਾ ਨਾ ਕਰਨਾ ਪਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਕਾਰਜਸਾਧਕ ਅਫ਼ਸਰ ਆਦਰਸ਼ ਸ਼ਰਮਾ, ਐਕਸੀਅਨ ਮੰਡੀ ਬੋਰਡ ਬਲਵਿੰਦਰ ਸਿੰਘ, ਐਸ. ਡੀ. ਓ ਦਿਲਪ੍ਰੀਤ ਸਿੰਘ, ਸਕੱਤਰ ਮਾਰਕੀਟ ਕਮੇਟੀ ਸੰਜੀਵ ਕੁਮਾਰ, ਡਿਪਟੀ ਡੀ. ਐਮ. ਓ ਰੁਪਿੰਦਰ, ਸੁਪਰਡੈਂਟ ਨੀਰਜ ਭੰਡਾਰੀ, ਦਵਿੰਦਰ ਪਾਲ ਸਿੰਘ ਆਹੂਜਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਰਹੂਮ ਸੰਦੀਪ ਸਿੰਘ ਧਾਲੀਵਾਲ ਦੀ ਯਾਦ ਵਿਚ ਕਰਵਾਇਆ ਸ੍ਰੀ ਅਖੰਡ ਪਾਠ ਸਾਹਿਬ

**ਧਾਲੀਵਾਲ ਦੇ ਪਰਿਵਾਰਕ ਮੈਂਬਰਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ**



ਅੰਮ੍ਰਿਤਸਰ, 17 ਮਾਰਚ (ਗਿਆਨ ਸਿੰਘ): ਅਮਰੀਕਾ ਦੇ ਸ਼ਹਿਰ ਹਿਊਸਟਨ ਵਿਚ ਪਹਿਲੇ ਸਿੱਖ ਪੁਲਿਸ ਅਫ਼ਸਰ ਸੰਦੀਪ ਸਿੰਘ ਧਾਲੀਵਾਲ ਜਿਸ ਦੀ ਸਤੰਬਰ 2019 ਡਿਊਟੀ ਦੌਰਾਨ ਗੋਲੀਆਂ ਮਾਰ ਕੇ ਹੱਤਿਆਂ ਕਰ ਦਿੱਤੀ ਗਈ ਸੀ, ਦੀ ਯਾਦ ਵਿਚ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਗਿਆ। ਇਸ ਦੌਰਾਨ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਮਰਹੂਮ ਧਾਲੀਵਾਲ ਦੀ ਭੈਣ ਰਣਜੀਤ ਕੌਰ, ਤਾਇਆ ਕਰਤਾਰ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਭੇਟ ਕੀਤੇ ਗਏ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਡਾ. ਰੂਪ ਸਿੰਘ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਸਿੱਖ ਪਛਾਣ ਲਈ ਕੁਰਬਾਨ ਹੋਇਆ ਹੈ, ਜਿਸ 'ਤੇ ਸਿੱਖ ਕੌਮ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਧਾਲੀਵਾਲ ਦੇ ਪਰਿਵਾਰ ਨਾਲ ਹਮਦਰਦੀ ਰੱਖਦੀ ਹੈ ਅਤੇ ਹਰ ਸਮੇਂ ਇਸ ਪਰਿਵਾਰ ਦੇ ਨਾਲ ਰਹੇਗੀ। ਇਸ ਮੌਕੇ ਸੰਦੀਪ ਸਿੰਘ ਧਾਲੀਵਾਲ ਦੇ ਤਾਇਆ ਕਰਤਾਰ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਰਹੂਮ ਸੰਦੀਪ ਸਿੰਘ ਦੇ ਰਿਸ਼ੇਤਦਾਰਾਂ ਵਿੱਚੋਂ ਕੁਲਦੀਪ ਸਿੰਘ, ਬੀਬੀ ਸਰਬਜੀਤ ਕੌਰ, ਬੀਬੀ ਰਸ਼ਪਾਲ ਕੌਰ, ਜੋਗਿੰਦਰ ਸਿੰਘ, ਪਵਨਪ੍ਰੀਤ ਸਿੰਘ, ਗਗਨਦੀਪ ਸਿੰਘ, ਬੀਬੀ ਕੁਲਵਿੰਦਰ ਕੌਰ ਆਦਿ ਮੌਜੂਦ ਸਨ।

# ਹਰਿਆਣੇ ਦੀ ਸੰਗਤ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੀ ਲੰਗਰ ਸੇਵਾ



ਅੰਮ੍ਰਿਤਸਰ, 17 ਮਾਰਚ (ਗਿਆਨ ਸਿੰਘ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਅੱਜ ਹਰਿਆਣਾ ਦੀ ਸੰਗਤ ਵੱਲੋਂ ਲੰਗਰ ਸੇਵਾ ਸ਼ੁਰੂ ਕੀਤੀ ਗਈ ਹੈ, ਜੋ ਭਲਕ ਤੱਕ ਜਾਰੀ ਰਹੇਗੀ। ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭੁਪਿੰਦਰ ਸਿੰਘ ਅਸੰਧ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਲੰਗਰ ਸੇਵਾ ਦੀ ਆਰੰਭਤਾ ਅਰਦਾਸ ਕਰਕੇ ਕੀਤੀ। ਸੰਗਤ ਵੱਲੋਂ ਗੁਰੂ ਕੇ ਲੰਗਰ ਲਈ ਆਟਾ, ਦਾਲਾਂ, ਚੋਲ, ਘਿਓ, ਖੰਡ, ਚਾਹ ਪੱਤੀ, ਦੇਸੀ ਘਿਓ, ਸਬਜ਼ੀਆਂ, ਸਰੋਂ ਦਾ ਤੇਲ, ਰਿਫਾਇੰਡ, ਕਣਕ, ਮਸਾਲੇ ਅਤੇ ਦੁੱਧ ਆਦਿ ਭੇਟ ਕੀਤੇ ਗਏ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸੇਵਾ ਕਰਨ ਪੁੱਜੀ ਹਰਿਆਣੇ ਦੀ ਸੰਗਤ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਦਿੱਤਾ ਗਿਆ। ਭੁਪਿੰਦਰ ਸਿੰਘ ਅਸੰਧ ਨੇ ਇਸ ਮੌਕੇ ਕਿਹਾ ਕਿ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਸਿੱਖ ਕੌਮ ਦੀ ਲੰਗਰ ਪ੍ਰਥਾ ਨਿਵੇਕਲੀ ਹੈ ਅਤੇ ਗੁਰੂ ਕੇ ਲੰਗਰਾਂ ਵਿੱਚੋਂ ਹਰ ਧਰਮ ਤੇ ਹਰ ਦੇਸ਼ ਦੀਆਂ ਸੰਗਤਾਂ ਬਿਨਾ ਭੇਦ-ਭਾਵ ਦੇ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੀਆਂ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਦੁਨੀਆਂ ਵਿੱਚੋਂ ਸਭ ਤੋਂ ਵੱਡਾ ਲੰਗਰ ਘਰ ਹੈ ਅਤੇ ਇਥੇ ਸੇਵਾ ਕਰਨ ਦਾ ਸੁਭਾਗ ਮਿਲਣਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132'' 88'' 8 Seated Sofa
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਲੜਕੀਆਂ ਦੇ ਗਰਭਪਾਤ ਬਾਰੇ ਅਣਸੁਖਾਵੀਂ ਚਰਚਾ

ਪਿਛਲੇ ਮਹੀਨੇ ਸਸਕੈਚਵਨ ਤੋਂ ਕੰਜ਼ਰਵੇਟਿਵ ਐਮ ਪੀ ਕੈਥੈਅ ਵੈਗਨਟਾਲ ਵੱਲੋਂ ਲਿੰਗ ਦੇ ਆਧਾਰ ਉੱਤੇ ਗਰਭਪਾਤ ਰੋਕਣ ਲਈ ਬਿੱਲ ਸੀ 233 ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ। ਇਸ ਬਿੱਲ ਬਾਰੇ ਥੋੜੀ ਬਹੁਤੀ ਚਰਚਾ ਹੋਈ ਪਰ ਉਸ ਪੱਧਰ ਉੱਤੇ ਨਹੀਂ ਜਿਸ ਪੱਧਰ ਉੱਤੇ ਕਿਸੇ ਕੰਜ਼ਰਵੇਟਿਵ ਵੱਲੋਂ ਗਰਭਪਾਤ ਦੇ ਮੁੱਦੇ ਨੂੰ ਲੈ ਕੇ ਨਿੱਛ ਮਾਰਨ ਨਾਲ ਵੀ ਹੋ ਸਕਦੀ ਹੈ। ਇਸ ਬਿੱਲ ਦਾ ਮਕਸਦ ਅਜਿਹਾ ਕਾਨੂੰਨ ਬਣਾਉਣਾ ਹੈ ਜਿਸ ਸਦਕਾ ਮਾਪੇ ਹੋਣ ਵਾਲੇ ਬੱਚੇ ਦਾ ਇਸ ਲਈ ਗਰਭਪਾਤ ਨਾ ਕਰਵਾ ਸਕੱਣ ਕਿਉਂਕਿ ਉਹਨਾਂ ਦੇ ਦਿਲ ਵਿੱਚ ਲੜਕੀ ਦੀ ਥਾਂ ਲੜਕੇ ਦੀ ਚਾਹਤ ਸੀ। ਇਹ ਕੋਈ ਲੁਕਿਆ ਛੁਪਿਆ ਤੱਥ ਨਹੀਂ ਕਿ ਲੜਕੀ ਦੀ ਪਹਿਲ ਮਨ ਵਿੱਚ ਧਾਰ ਕੇ ਬੱਚੇ ਪੈਦਾ ਕਰਨ ਦੀ ਬਿਮਾਰੀ ਕੈਨੇਡਾ ਵਿੱਚ ਜ਼ਿਆਦਾ ਕਰਕੇ ਪੰਜਾਬੀ ਪਰਿਵਾਰਾਂ ਵਿੱਚ ਪਾਈ ਜਾਂਦੀ ਹੈ। ਪੰਜਾਬੀ ਮਾਨਸਿਕਤਾ ਦੀ ਪਰਵਾਹ ਕੀਤੇ ਬਗੈਰ 2020 ਵਿੱਚ Dart & Maru/Blue ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ 84% ਕੈਨੇਡੀਅਨ ਦੱਸਦੇ ਹਨ ਕਿ ਜੇ ਲੋਕੀ ਬੱਚੇ ਦੇ ਲਿੰਗ ਨੂੰ ਧਿਆਨ ਵਿੱਚ ਰੱਖ ਕੇ ਗਰਭਪਾਤ ਕਰਵਾਉਂਦੇ ਹਨ ਤਾਂ ਅਜਿਹਾ ਕਰਨ ਨੂੰ ਗੈਰਕਾਨੂੰਨੀ ਬਣਾਇਆ ਜਾਣਾ ਚਾਹੀਦਾ ਹੈ।

ਦਿਲਚਸਪ ਗੱਲ ਇਹ ਹੈ ਕਿ 70% ਕੈਨੇਡੀਅਨਾਂ ਨੂੰ ਇਸ ਗੱਲ ਨਾਲ ਕੋਈ ਇਤਰਾਜ਼ ਨਹੀਂ ਕਿ ਕੋਈ ਔਰਤ ਆਪਣੇ ਸਿਹਤ ਜਾਂ ਆਪਣੇ ਨਿੱਜੀ ਹਾਲਾਤਾਂ ਨੂੰ ਮੁੱਖ ਰੱਖ ਕੇ ਗਰਭਪਾਤ ਕਿਉਂ ਕਰਵਾਉਂਦੀ ਹੈ ਪਰ ਜਦੋਂ ਗੱਲ ਮਨਪਸੰਦ ਬੱਚਾ ਭਾਵ ਲੜਕਾ ਹਾਸਲ ਕਰਨ ਦੇ ਇਰਾਦੇ ਨਾਲ ਗਰਭਪਾਤ ਦੀ ਆਉਂਦੀ ਹੈ ਤਾਂ ਕੈਨੇਡੀਅਨ ਆਪਣਾ ਰੁਖ ਸਖ਼ਤ ਕਰ ਲੈਂਦੇ ਹਨ। ਦੂਜੇ ਪਾਸੇ ਕੈਨੇਡੀਅਨਾਂ ਦੇ ਇਸ ਮੂਡ ਨਾਲੋਂ ਸਾਊਥ ਏਸ਼ੀਅਨ ਜਾਂ ਕੈਨੇਡੀਅਨ-ਪੰਜਾਬੀ ਬਿਲਕੁਲ ਵੱਖਰੀ ਪਹੁੰਚ ਰੱਖਦੇ ਜਾਪਦੇ ਹਨ। ਮਿਸਾਲ ਵਜੋਂ ਪਿਛਲੇ ਸਾਲ ਸੈਂਟਰ ਫਾਰ ਅਰਬਨ ਹੈਲਥ ਸਾਲੂਸ਼ਨਜ਼, ਸੇਂਟ ਮਾਈਕਲ ਹਸਪਤਾਲ ਟੋਰਾਂਟੋ, ਉਂਟੇਰੀਓ ਨਾਨ ਪਰਾਫਿਟ ਨੈੱਟਵਰਕ, ਮਾਲਟਨ ਨੇਬਰਹੁੱਡ ਸਰਵਿਸਜ ਮਿਸੀਸਾਗਾ, ਯੂਨੀਵਰਸਿਟੀ ਆਫ ਮੈਨੀਟੋਬਾ ਵੱਲੋਂ ਇੱਕ ਖੋਜ ਆਧਾਰਿਤ ਰਿਪੋਰਟ ਕਰਵਾਈ ਗਈ। ਇਸ ਰਿਪੋਰਟ ਮੁਤਾਬਕ ਜੇ ਭਾਰਤੀ ਮੂਲ ਦੀਆਂ ਔਰਤਾਂ ਦੇ ਦੋ ਲੜਕੀਆਂ ਹਨ ਅਤੇ ਉਹ ਪਹਿਲਾਂ ਇੱਕ ਵਾਰ ਗਰਭਪਾਤ ਕਰਵਾ ਚੁੱਕੀਆਂ ਹਨ ਤਾਂ ਅਗਲੀ ਵਾਰ ਉਹ 100 ਲੜਕੀਆਂ ਦੇ ਮੁਕਾਬਲੇ 576 ਲੜਕੇ ਜੰਮਦੀਆਂ ਹਨ। ਜੇ ਪਹਿਲਾਂ ਗਰਭਪਾਤ ਨਹੀਂ ਹੋਇਆ ਤਾਂ ਪਹਿਲੀ ਪੀੜੀ ਦੀਆਂ ਕੈਨੇਡੀਅਨ ਮਾਵਾਂ ਵਿੱਚ ਸੰਭਾਵਨਾ ਹੁੰਦੀ ਹੈ ਕਿ ਉਹ 100 ਲੜਕੀਆਂ ਦੇ ਮੁਕਾਬਲੇ 162 ਲੜਕਿਆਂ ਨੂੰ ਜਨਮ ਦੇਣਗੀਆਂ।

ਉਪਰੋਕਤ ਸਟੱਡੀ ਦੇ ਹਿੱਸੇ ਵਜੋਂ ਉਹਨਾਂ ਖੋਜਾਂ ਦਾ ਵੀ ਮੁਤ-ਾਲਿਆ ਕੀਤਾ ਗਿਆ ਜੋ ਪਰਵਾਸੀ ਔਰਤਾਂ ਵਿੱਚ ਬੱਚੇ ਜੰਮਣ ਦੀ ਬਿਰਤੀ ਨੂੰ ਸਮਝਣ ਲਈ ਅਮਰੀਕਾ, ਇੰਗਲੈਂਡ, ਨੌਰਵੇ, ਸਵੀਡਨ ਆਦਿ ਵਿੱਚ ਕੀਤੀਆਂ ਗਈਆਂ। ਇਹਨਾਂ ਮੁਲਕਾਂ ਵਿੱਚ ਵੱਸਦੀਆਂ ਚੀਨੀ, ਕੋਰੀਅਨ, ਵੀਅਤਨਾਮੀ, ਪਾਕਿਸਤਾਨੀ ਅਤੇ ਭਾਰਤੀ ਮੂਲ ਦੀਆਂ ਔਰਤਾਂ ਬਾਰੇ ਇੱਕਤਰ ਕੀਤੇ ਅੰਕੜੇ ਦੱਸਦੇ ਹਨ ਕਿ ਪਾਕਿਸਤਾਨੀ ਔਰਤਾਂ ਵਿੱਚ ਲੜਕੇ ਜਾਂ ਲੜਕੀ ਬਾਰੇ ਕੋਈ ਬਹੁਤੀ ਪਹਿਲ ਨਹੀਂ ਵਿਖਾਈ ਜਾਂਦੀ। ਇਸਦੇ ਉਲਟ ਭਾਰਤੀ ਮੂਲ ਦੀਆਂ ਔਰਤਾਂ ਵਿੱਚ ਲੜਕੇ ਲਈ ਪਹਿਲ ਵੇਖੀ ਗਈ।

ਵੱਖੋ ਵੱਖ ਖੋਜਾਂ ਉਸੇ ਤੱਥ ਨੂੰ ਸਿੱਧ ਕਰਦੀਆਂ ਹਨ ਜਿਸ ਬਾਰੇ ਆਮ ਲੋਕਾਂ ਨੂੰ ਪਹਿਲਾਂ ਹੀ ਪਤਾ ਹੈ। ਫਰਕ ਸਿਰਫ਼ ਐਨਾ ਹੈ ਕਿ ਇਹ ਖੋਜਾਂ ਮਸਲੇ ਨੂੰ ਸਹੀ ਪਰੀਪੇਖ ਵਿੱਚ ਪੇਸ਼ ਕਰਨ ਵਿੱਚ ਸਹਾਈ ਹੁੰਦੀਆਂ ਹਨ। ਜੇ ਚਰਚਾ ਨੂੰ ਮੁੜ ਬਿੱਲ ਸੀ 233 ਵੱਲ ਲਿਆਂਦਾ ਜਾਵੇ ਤਾਂ ਸੁਆਲ ਉੱਠਦਾ ਹੈ ਕਿ ਸਾਡੇ ਪੰਜਾਬੀ ਭਾਈਚਾਰੇ ਦੇ ਐਮ ਪੀ ਪਾਰਲੀਮੈਂਟ ਵਿੱਚ ਇਸ ਮੁੱਦੇ ਉੱਤੇ ਚੁੱਪ ਕਿਉਂ ਹਨ? ਵਿਸ਼ੇਸ਼ ਕਰਕੇ ਜਦੋਂ ਬਰੈਂਪਟਨ ਦੇ ਪੰਜ ਐਮ ਪੀਆਂ ਵਿੱਚੋਂ ਤਿੰਨ ਰੂਬੀ ਸਹੋਤਾ, ਕਮਲ ਖੈਹਰਾ ਅਤੇ ਸੋਨੀਆ ਸਿੱਧੂ ਖੁਦ ਔਰਤਾਂ ਹਨ। ਉਹਨਾਂ ਦੇ ਔਰਤ ਹੋਣ ਦਾ ਇਹ ਅਰਥ ਨਹੀਂ ਕਿ ਮਰਦ ਐਮ ਪੀਆਂ ਨੂੰ ਇਸ ਸੰਵੇਦਨਸ਼ੀਲ ਮੁੱਦੇ ਉੱਤੇ ਚੁੱਪ ਬੈਠਣਾ ਚਾਹੀਦਾ ਹੈ। ਮਰਦਾਂ ਨੂੰ ਤਾਂ ਸਗੋਂ ਹੋਰ ਵੱਧ ਸ਼ਰਮਿੰਦਗੀ ਹੋਣੀ ਚਾਹੀਦੀ ਹੈ ਕਿਉਂਕਿ ਭਾਰਤੀ ਪਰਿਵਾਰਾਂ ਵਿੱਚ ਮਾਵਾਂ ਨੂੰ ਗਰਭਪਾਤ ਵਾਸਤੇ ਮਜਬੂਰ ਕਰਨ ਵਿੱਚ ਪਤੀ ਅਤੇ ਪਤੀ ਦੇ ਪਰਿਵਾਰ ਦਾ ਰੋਲ ਵਧੇਰੇ ਹੁੰਦਾ ਹੈ। ਸਹੀ ਹੈ ਕਿ ਅੱਜ ਕੱਲ ਦੇ ਸਿਆਸੀ ਮਾਹੌਲ ਵਿੱਚ ਔਰਤਾਂ ਨੂੰ ਗਰਭਪਾਤ ਕਰਵਾਉਣ ਦੀ ਖੁੱਲ ਦੇ ਮੁੱਦੇ ਉੱਤੇ ਬਹੁਤੇ ਐਮ ਪੀ ਵਿਚਾਰ ਕਰਨ ਜੋਖ਼ਮ ਸਮਝਦੇ ਹਨ। ਕੀ ਐਨਾ ਕਰਨਾ ਵੀ ਔਖਾ ਹੈ ਕਿ ਚੋਣਾਂ ਦੌਰਾਨ ਔਰਤਾਂ ਦੇ ਹੱਕਾਂ ਦੀ ਰਖਵਾਲੀ ਲਈ ਖੜੇ ਹੋਣ ਦਾ ਦਾਅਵਾ ਕਰਨ ਵਾਲੇ ਅੱਜ ਜੰਮ ਰਹੀਆਂ ਕੱਲ ਦੀਆਂ ਔਰਤਾਂ ਭਾਵ ਨਵ ਜੰਮੀਆਂ ਲੜਕੀਆਂ ਦੇ ਜਿਉਣ ਦੇ ਹੱਕ 'ਹਾਅ ਦਾ ਨਾਅਰਾ' ਮਾਰਨ!

# ਵੈਸਟਜੈਟ ਦੇ ਚਾਰ ਯਾਤਰੀਆਂ ਦਾ ਕੋਵਿਡ-19 ਟੈਸਟ ਆਇਆ ਪਾਜ਼ੀਟਿਵ



ਟੋਰਾਂਟੋ, 17 ਮਾਰਚ (ਪੋਸਟ ਬਿਊਰੋ) : ਕੈਨੇਡੀਅਨ ਏਅਰਲਾਈਨ ਵਲੋਂ ਇਸ ਗਲ ਦੀ ਪੁਸਟੀ ਕੀਤੀ ਗਈ ਹੈ ਕਿ ਵਖ ਵਖ ਜਹਾਜਾਂ, ਜਿਨ੍ਹਾਂ ਵਿਚੋਂ ਕੁਝ ਨੇ ਟੋਰਾਂਟੋ ਤੋਂ ਉਡਾਨ ਭਰੀ ਜਾਂ ਇਥੇ ਲੈਂਡ ਹੋਏ, ਵਿਚ ਸਵਾਰ ਚਾਰ ਹੋਰ ਯਾਤਰੀਆਂ ਦੀ ਕੋਵਿਡ-19 ਸਬੰਧੀ ਜਾਂਚ ਪਾਜੀਟਿਵ ਆਈ ਹੈ।

ਸੋਮਵਾਰ ਨੂੰ ਵੈਸਟਜੈਟ ਨੇ ਆਖਿਆ ਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵਲੋਂ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ 11 ਮਾਰਚ ਨੂੰ ਪਿਓਰਟੋ ਡੀ ਰਿਕੋ ਦੇ ਲੁਈ ਮੁਨੋਜ ਮੈਰਿਨ ਇੰਟਰਨੈਸਨਲ ਏਅਰਪੋਰਟ ਤੋਂ ਉਡਾਨ ਭਰਨ ਵਾਲੇ ਡਬਲਿਊਐਸ 1157 ਵਿਚ ਸਵਾਰ ਯਾਤਰੀ ਦਾ ਕੋਵਿਡ-19 ਸਬੰਧੀ ਟੈਸਟ ਟੋਰਾਂਟੋ ਦੇ ਪੀਅਰਸਨ ਇੰਟਰਨੈਸਨਲ ਏਅਰਪੋਰਟ ਉਤੇ ਪਾਜੀਟਿਵ ਪਾਇਆ ਗਿਆ। ਨਾਲ ਦੇ ਯਾਤਰੀਆਂ ਨੂੰ ਟੈਲੀਹੈਲਥ ਜਾਂ ਲੋਕਲ ਪਬਲਿਕ ਹੈਲਥ ਯੂਨਿਟਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

ਦੂਜਾ ਯਾਤਰੀ 12 ਮਾਰਚ ਨੂੰ ਲਾਗਾਰਡੀਆ ਏਅਰਪੋਰਟ ਤੋਂ ਟੋਰਾਂਟੋ ਪਹੁੰਚਿਆ। ਇਸ ਦੀ ਉਡਾਨ ਦਾ ਨੰਬਰ ਡਬਲਿਊਐਸ1201 ਸੀ। ਹੁਣ ਏਅਰਲਾਈਨ ਵਲੋਂ ਇਸ ਵਿਅਕਤੀ ਦੇ ਨਾਲ ਲਗਦੀਆਂ ਰੋਅਜ ਵਿਚ ਬੈਠਣ ਵਾਲੇ ਸਾਰੇ ਯਾਤਰੀਆਂ ਨੂੰ ਖੁਦ ਨੂੰ ਆਈਸੋਲੇਟ ਕਰਨ ਦੀ ਸਲਾਹ ਦਿਤੀ ਗਈ ਹੈ ਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਸਬੰਧਤ ਅਧਿਕਾਰੀਆਂ ਨਾਲ ਮੁਲਾਕਾਤ ਲਈ ਵੀ ਆਖਿਆ ਗਿਆ ਹੈ।

ਤੀਜਾ ਯਾਤਰੀ ਟੋਰਾਂਟੋ ਤੋਂ 12 ਮਾਰਚ ਨੂੰ ਡਬਲਿਊਐਸ665 ਉਡਾਨ ਉਤੇ ਕੈਲਗਰੀ ਇੰਟਰਨੈਸਨਲ ਏਅਰਪੋਰਟ ਉਤੇ ਗਿਆ। ਵੈਸਟਜੈਟ ਨੇ ਇਕ ਬਿਆਨ ਵਿਚ ਆਖਿਆ ਕਿ ਅਲਬਰਟਾ ਹੈਲਥ ਸਰਵਿਸਿਜ (ਏਐਚਐਸ) ਵਲੋਂ ਕੀਤੀ ਗਈ ਜਾਂਚ ਵਿਚ ਇਸ ਗਲ ਦੀ ਪੁਸਟੀ ਕੀਤੀ ਗਈ ਹੈ ਕਿ ਇਸ ਵਿਅਕਤੀ ਵਲੋਂ ਪਰਤਦਿਆਂ ਹੋਇਆਂ ਕੁਝ ਹੋਰਨਾਂ ਯਾਤਰੀਆਂ ਨੂੰ ਵੀ ਵਾਇਰਸ ਨਾਲ ਸੰਕ੍ਰਮਤ ਕੀਤਾ ਗਿਆ ਹੋ ਸਕਦਾ ਹੈ। ਡਬਲਿਊਐਸ 665 ਦੀਆਂ ਰੋਅ 19ਤੋਂ 27 ਨੂੰ ਇਸ ਵਿਅਕਤੀ ਦੇ ਨੇੜਲੇ ਸੰਪਰਕ ਵਾਲਾ ਦਸਿਆ ਜਾ ਰਿਹਾ ਹੈ।

ਚੌਥਾ ਯਾਤਰੀ ਲੰਡਨ ਗੈਟਵਿਕ ਏਅਰਪੋਰਟ ਤੋਂ ਕੈਲਗਰੀ ਦੇ ਇੰਟਰਨੈਸਨਲ ਏਅਰਪੋਰਟ ਉਤੇ 3 ਮਾਰਚ ਨੂੰ ਪਹੁੰਚਿਆ। ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਦੇਸ ਗਏ ਕੈਨੇਡੀਅਨਾਂ ਨੂੰ ਦੇਸ ਪਰਤਣ ਦੀ ਅਪੀਲ ਕਰ ਚੁਕੇ ਸਨ। ਇਹ ਵੀ ਆਖਿਆ ਗਿਆ ਸੀ ਕਿ ਕੈਨੇਡਾ ਵਲੋਂ ਜਲਦ ਹੀ ਗੈਰ ਕੈਨੇਡੀਅਨ ਨਾਗਰਿਕਾਂ ਤੇ ਗੈਰ ਅਮਰੀਕੀ ਨਾਗਰਿਕਾਂ ਲਈ ਸਰਹਦਾਂ ਬੰਦ ਕਰ ਦਿਤੀਆਂ ਜਾਣਗੀਆਂ।

# ਓਨਟਾਰੀਓ ਵਿੱਚ ਕੋਵਿਡ-19 ਦੇ ਮਰੀਜ਼ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਉਨ੍ਹਾਂ ਅੱਗੇ ਆਖਿਆ ਕਿ ਇਸ ਸਬੰਧ ਵਿੱਚ ਕੋਰੋਨਰ ਦੇ ਆਫਿਸ ਨੂੰ ਮੁਕੰਮਲ ਜਾਂਚ ਲਈ ਸਹਿਯੋਗ ਕਰਨ ਵਾਸਤੇ ਵੀ ਆਖਿਆ ਗਿਆ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਇਹ ਪਤਾ ਲਾਇਆ ਜਾਵੇ ਕਿ ਇਸ ਵਿਅਕਤੀ ਦੀ ਮੌਤ ਕੋਵਿਡ ਕਾਰਨ ਜਾਂ ਕੋਵਿਡ ਨਾਲ ਹੋਈ ਹੈ।

ਐਲੀਅਟ ਦੇ ਬੁਲਾਰੇ ਟਰੈਵਿਸ ਕੈਨ ਅਨੁਸਾਰ ਇਸ ਵਿਅਕਤੀ ਦੀ ਮੌਤ ਤੋਂ ਪਹਿਲਾਂ ਇਸ ਦਾ ਨਾਂ ਕਰੋਨਾਵਾਇਰਸ ਵਾਲੇ ਮਰੀਜ਼ਾਂ ਦੀ ਸੂਚੀ ਵਿੱਚ ਵੀ ਸ਼ਾਮਲ ਨਹੀਂ ਸੀ। ਸਗੋਂ ਅਜੇ ਇਹ ਪਤਾ ਲਾਉਣ ਦੀ ਕੋਸ਼ਿਸ਼ ਹੀ ਕੀਤੀ ਜਾ ਰਹੀ ਸੀ ਕਿ ਕੀ ਇਸ ਵਿਅਕਤੀ ਨੂੰ ਵੀ ਵਾਇਰਸ ਹੈ ਜਦੋਂ ਉਸ ਦੀ ਮੌਤ ਹੋ ਗਈ। ਕੋਵਿਡ-19 ਬਾਰੇ ਤਾਂ ਉਸ ਦੀ ਮੌਤ ਤੋਂ ਬਾਅਦ ਹੀ ਪਤਾ ਲੱਗਿਆ। ਬੀਤੇ ਦਿਨੀਂ ਮਾਰਿਆ ਗਿਆ 77 ਸਾਲਾ ਵਿਅਕਤੀ ਕੋਵਿਡ-19 ਨਾਲ ਮਰਨ ਵਾਲਾ ਪ੍ਰੋਵਿੰਸ ਦਾ ਪਹਿਲਾ ਵਿਅਕਤੀ ਹੋ ਸਕਦਾ ਹੈ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਪਹਿਲਾਂ ਤੋਂ ਹੀ ਕਈ ਮੈਡੀਕਲ ਸਮੱਸਿਆਵਾਂ ਸਨ ਜਿਨ੍ਹਾਂ ਕਾਰਨ ਉਸ ਦੀ ਜਾਨ ਨੂੰ ਕਾਫੀ ਖਤਰਾ ਸੀ।

ਇਸ ਵਿਅਕਤੀ ਦਾ ਇਲਾਜ ਰਾਇਲ ਵਿਕਟੋਰੀਆ ਰੀਜਨਲ ਹੈਲਥ ਸੈਂਟਰ ਵਿੱਚ ਚੱਲ ਰਿਹਾ ਸੀ ਤੇ ਅਲਬਰਟਾ ਤੋਂ ਆ ਕੇ ਉਸ ਦਾ ਹਾਲ ਚਾਲ ਪਤਾ ਕਰਨ ਨਾਲ ਵੀ ਉਸ ਦਾ ਕਾਫੀ ਨੇੜਲਾ ਸਬੰਧ ਸੀ। ਉਸ ਨੂੰ ਵੀ ਕੋਵਿਡ-19 ਸੀ। ਇਹ ਜਾਣਕਾਰੀ ਚਾਰਲਸ ਗਾਰਡਨਰ, ਸਿਮਕੋਅ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ ਲਈ ਮੈਡੀਕਲ ਆਫੀਸਰ ਆਫ ਹੈਲਥ ਨੇ ਉਕਤ ਜਾਣਕਾਰੀ ਦਿੱਤੀ। ਅਲਬਰਟਾ ਦੇ ਵਿਅਕਤੀ, ਜਿਸ ਦੀ ਬੈਰੀ ਹਸਪਤਾਲ ਵਿੱਚ ਕੇਅਰ ਕੀਤੀ ਜਾ ਰਹੀ ਸੀ, ਨੇ ਇਕ ਹੋਰ ਵਿਅਕਤੀ ਨਾਲ ਸਮਾਂ ਬਿਤਾਇਆ ਸੀ ਜਿਸ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿਅਕਤੀਆਂ ਦੇ ਸਬੰਧ ਹਸਪਤਾਲ ਦੇ ਬਾਹਰੀ ਲੋਕਾਂ ਨਾਲ ਜ਼ਿਆਦਾ ਸਨ। ਇੱਕ ਭਾਵੇਂ ਅਲਬਰਟਾ ਤੋਂ ਆਇਆ ਸੀ ਪਰ ਉਸ ਸਮੇਂ ਕੋਵਿਡ-19 ਮਹਾਮਾਰੀ ਨਹੀਂ ਫੈਲੀ ਹੋਈ ਸੀ। ਦੋਵੇਂ ਮਾਮਲੇ ਕੌਮਾਂਤਰੀ ਸਫਰ ਕਰਨ ਵਾਲਿਆਂ ਨਾਲ ਸਬੰਧਤ ਨਹੀਂ ਹਨ। ਉਨ੍ਹਾਂ ਆਖਿਆ ਕਿ ਸਿਹਤ ਅਧਿਕਾਰੀ ਇਨ੍ਹਾਂ ਦੋਵਾਂ ਦੇ ਇਨਫੈਕਸ਼ਨ ਦਾ ਸਰੋਤ ਪਤਾ ਲਾਉਣ ਵਿੱਚ ਵੀ ਕਾਮਯਾਬ ਨਹੀਂ ਹੋ ਸਕੇ ਹਨ। ਕੋਵਿਡ-19 ਕਾਰਨ ਹਸਪਤਾਲ ਨੇ ਵਿਜ਼ੀਟਰਜ਼ ਉੱਤੇ ਪਾਬੰਦੀ ਲਾ ਦਿੱਤੀ ਹੈ। ਪਰ ਅਲਬਰਟਾ ਵਾਲੇ ਮਰੀਜ਼ ਦਾ ਅਜੇ ਵੀ ਇੱਥੇ ਇਲਾਜ ਚੱਲ ਰਿਹਾ ਹੈ।

ਇਸ ਦੌਰਾਨ ਐਲੀਅਟ ਨੇ ਇਹ ਵੀ ਦੱਸਿਆ ਕਿ ਪ੍ਰੋਵਿੰਸ ਵਿਚ ਕੋਵਿਡ-19 ਦੇ 13 ਹੋਰ ਮਾਮਲਿਆਂ ਦੀ ਪੁਸ਼ਟੀ ਹੋ ਗਈ ਹੈ। ਇਸ ਨਾਲ ਪ੍ਰੋਵਿੰਸ ਵਿੱਚ ਕੋਵਿਡ-19 ਦੇ 190 ਮਾਮਲੇ ਹੋ ਚੁੱਕੇ ਹਨ। ਇਨ੍ਹਾਂ ਵਿਚੋਂ ਪੰਜ ਸਿਹਤਯਾਬ ਵੀ ਹੋ ਚੁੱਕੇ ਹਨ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪਟਿਆਲਾ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਨੂੰ ਆਪਣਾ ਕਮਿਊਨੀਕੇਸ਼ਨ ਪਲਾਨ ਬਣਾਉਣ ਦੀ ਹਦਾਇਤ

ਪਟਿਆਲਾ, 17 ਮਾਰਚ (ਗਿਆਨ ਸਿੰਘ):ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਪਟਿਆਲਾ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਨੂੰ ਆਪਣਾ ਕਮਿਊਨੀਕੇਸ਼ਨ ਪਲਾਨ ਬਣਾਉਣ ਦੀ ਹਦਾਇਤ ਕਰਦਿਆ ਕਿਹਾ ਕਿ ਪਲਾਨ 'ਚ ਵਿਭਾਗ ਦੇ ਜ਼ਿਲ੍ਹਾ ਮੁਖੀ ਤੋਂ ਲੈਕੇ ਸੇਵਾਦਾਰ ਤੱਕ ਸਭ ਦੇ ਸੰਪਰਕ ਨੰਬਰ ਹੋਣੇ ਚਾਹੀਦੇ ਹਨ ਅਤੇ ਲੋੜ ਸਮੇਂ ਵਿਭਾਗ ਦਾ ਨੋਡਲ ਅਫ਼ਸਰ ਜੋ ਕਿ ਵਿਭਾਗ ਦਾ ਮੁਖੀ ਹੋਵੇਗਾ ਸਬੰਧਤ ਸਟਾਫ਼ ਨੂੰ ਨਿਸ਼ਚਿਤ ਕੀਤੇ ਸਮੇਂ 'ਚ ਹਾਜ਼ਰ ਕਰਨਾ ਯਕੀਨੀ ਬਣਾਏਗਾ।

ਉਨ੍ਹਾਂ ਕਿਹਾ ਕਿ ਵਿਭਾਗਾਂ ਵੱਲੋਂ ਤਿਆਰ ਕਮਿਊਨੀਕੇਸ਼ਨ ਪਲਾਨ ਦੀ ਕਾਪੀ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਜਮਾਂ ਕਰਵਾਉਣੀ ਯਕੀਨੀ ਬਣਾਈ ਜਾਵੇ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਸਟਰ ਟਰੇਨਰਾਂ ਅਤੇ ਵੱਖ-ਵੱਖ ਵਿਭਾਗਾਂ, ਯੂਨੀਵਰਸਿਟੀ ਅਤੇ ਕਾਲਜਾਂ ਦੇ ਮੁਖੀਆਂ ਨਾਲ ਹੁਣ ਤੱਕ ਕੋਰੋਨਾ ਵਾਇਰਸ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾ ਦੀ ਸਮੀਖਿਆਂ ਕਰ ਰਹੇ ਸਨ।

ਕੁਮਾਰ ਅਮਿਤ ਨੇ ਕਿਹਾ ਕਿ ਜਿਨ੍ਹਾਂ ਵਿਭਾਗਾਂ ਦੀ ਡਿਊਟੀ ਆਮ ਲੋਕਾਂ ਨੂੰ ਸਿੱਖਿਅਤ ਕਰਨ ਲਈ ਲਗਾਈ ਗਈ ਹੈ ਉਹ ਇਹ ਯਕੀਨੀ ਬਣਾਉਣ ਕਿ ਜ਼ਿਲ੍ਹੇ ਦੇ ਹਰੇਕ ਵਿਅਕਤੀ ਨੂੰ ਕੋਰੋਨਾ ਵਾਇਰਸ ਦੇ ਲੱਛਣਾਂ ਅਤੇ ਬਚਾਅ ਸਬੰਧੀ ਪੂਰਨ ਜਾਣਕਾਰੀ ਹੋਵੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਸਟਾਫ਼ ਨੂੰ ਮਾਸਟਰ ਟਰੇਨਰਾਂ ਵੱਲੋਂ ਸਿੱਖਿਅਤ ਕੀਤਾ ਗਿਆ ਹੈ ਅਤੇ ਸਿੱਖਿਅਤ ਸਟਾਫ਼ ਆਪਣੇ ਵਿਭਾਗਾਂ ਦੇ ਹੋਰ ਸਟਾਫ਼ ਨੂੰ ਵੀ ਸਿੱਖਿਅਤ ਕਰਨਾ ਯਕੀਨੀ ਬਣਾਏ ਤਾਂ ਜੋ ਲੋੜ ਸਮੇਂ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਣ।

ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ ਨੇ ਕਿਹਾ ਕਿ ਕੋਰੋਨਾ ਵਾਇਰਸ ਤੋਂ ਬਚਾਅ ਲਈ ਕੁੱਝ ਸਾਵਧਾਨੀ ਰੱਖਣ ਦੀ ਜ਼ਰੂਰਤ ਹੈ ਜਿਸ ਵਿੱਚ ਆਪਣੇ ਹੱਥਾਂ ਨੂੰ ਸਾਫ਼ ਰੱਖਣ ਅਤੇ ਸਾਫ਼-ਸਫ਼ਾਈ ਦਾ ਖਿਆਲ ਰੱਖਣਾ ਪ੍ਰਮੁੱਖ ਹੈ। ਉਨ੍ਹਾਂ ਕਿਹਾ ਸਾਰੇ ਲੋਕ ਆਪਣੇ ਘਰਾਂ ਨੂੰ ਸੈਨੇਟਾਈਜ਼ ਜ਼ਰੂਰ ਕਰਨ। ਉਨ੍ਹਾਂ ਸਮੂਹ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਵੀ ਆਪਣੇ ਦਫ਼ਤਰਾਂ ਨੂੰ ਸੈਨੇਟਾਈਜ਼ ਕਰਨ ਲਈ ਕਿਹਾ।

ਇਸ ਮੌਕੇ ਸਹਾਇਕ ਕਮਿਸ਼ਨਰ (ਜ) ਡਾ. ਇਸਮਿਤ ਵਿਜੈ ਸਿੰਘ, ਨਗਰ ਨਿਗਮ ਦੇ ਸਯੁਕੰਤ ਕਮਿਸ਼ਨਰ ਸ੍ਰੀ ਲਾਲ ਵਿਸ਼ਵਾਸ, ਡੀ.ਐਸ.ਪੀ. (ਐਚ) ਸ. ਪੁਨੀਤ ਸਿੰਘ ਚਾਹਲ ਸਮੇਤ ਵਿਭਾਗਾਂ ਦੇ ਮੁਖੀ, ਕਾਲਜ ਦੇ ਪ੍ਰਿੰਸੀਪਲ ਅਤੇ ਯੂਨੀਵਰਸਿਟੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਮਾਸਟਰ ਟਰੇਨਰ ਮੌਜੂਦ ਸਨ।

# ਨਵੇਂ ਐਮਰਜੰਸੀ ਮਾਪਦੰਡ ਅਪਨਾਉਣ ਬਾਰੇ ਵਿਚਾਰ ਕਰ ਰਹੀ ਹੈ ਸਰਕਾਰ : ਟਰੂਡੋ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਭਾਵੇਂ ਕੋਵਿਡ-19 ਦੇ ਸਬੰਧ ਵਿੱਚ ਹੋਰ ਪੈਸਾ ਖਰਚਣ ਲਈ ਸਰਕਾਰ ਵੱਲੋਂ ਪਹਿਲਾਂ ਹੀ ਪਾਰਲੀਆਮੈਂਟਰੀ ਮਨਜ਼ੂਰੀ ਹਾਸਲ ਕਰ ਲਈ ਗਈ ਹੈ ਪਰ ਸਾਡੇ ਅਗਲੇ ਕਦਮਾਂ ਉੱਤੇ ਵੀ ਪਾਰਲੀਆਮੈਂਟ ਦੀ ਮੋਹਰ ਲਗਣੀ ਬੇਹੱਦ ਜ਼ਰੂਰੀ ਹੈ। ਫੈਡਰਲ ਸਰਕਾਰ ਵੱਲੋਂ ਐਮਰਜੰਸੀ ਐਕਟ, ਜਿਸ ਨੂੰ ਪਹਿਲਾਂ ਵਾਰ ਮੇਜ਼ਰ ਐਕਟ ਆਖਿਆ ਜਾਂਦਾ ਸੀ, ਲਾਗੂ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ। ਇਸ ਨਾਲ ਇਸ ਮਹਾਮਾਰੀ ਨੂੰ ਨੈਸਨਲ ਪਬਲਿਕ ਐਮਰਜੰਸੀ ਐਲਾਨੇ ਜਾਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਦੇਸ਼ ਭਰ ਵਿੱਚ ਇਸ ਸਬੰਧੀ ਇਕੋ ਜਿਹੇ ਫੈਸਲੇ ਲੈਣ ਦੀ ਸ਼ਕਤੀ ਮਿਲ ਜਾਵੇਗੀ ਤੇ ਸਰਕਾਰ ਕੈਨੇਡਾ ਦੇ ਅੰਦਰ ਲੋਕਾਂ ਤੇ ਹੋਰ ਵਸਤਾਂ ਦੀ ਮੂਵਮੈਂਟ ਉੱਤੇ ਵੀ ਪਾਬੰਦੀ ਲਾ ਸਕੇਗੀ।

ਅਜਿਹਾ ਕਰਨ ਲਈ ਪਾਰਲੀਆਮੈਂਟ ਦੀ ਨਜ਼ਰਸਾਨੀ ਵੀ ਜ਼ਰੂਰੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਓਟਵਾ ਵਿਚ ਥੋੜ੍ਹੀ ਗਿਣਤੀ ਵਿਚ ਸਿਆਸਤਦਾਨਾਂ ਦੇ ਜੁਟਣ ਦੀ ਉਮੀਦ ਕੀਤੀ ਜਾ ਸਕਦੀ ਹੈ। ਟਰੂਡੋ ਨੇ ਆਖਿਆ ਕਿ ਅਰਥਚਾਰੇ ਨਾਲ ਸਬੰਧਤ ਕੁੱਝ ਫੈਸਲਿਆਂ ਨੂੰ ਫੌਰੀ ਪਾਸ ਕਰਨ ਦੀ ਲੋੜ ਹੈ ਤਾਂ ਕਿ ਕੈਨੇਡੀਅਨਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾ ਸਕੇ।

# ਬੀ.ਸੀ. ਵਿਚ ਪਬਲਿਕ ਹੈਲਥ ਐਮਰਜੈਂਸੀ ਦਾ ਐਲਾਨ- 83 ਨਵੇਂ ਕੇਸ, 3 ਹੋਰ ਮੌਤਾਂ



ਸਰੀ, 17 ਮਾਰਚ - ਬੀ.ਸੀ. ਵਿਚ ਕੋਰੋਨਾ ਵਾਇਰਸ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਪਿਛਲੇ 24 ਘੰਟਿਆਂ ਵਿਚ ਹੀ ਇਸ ਵਾਇਰਸ ਤੋਂ ਪੀੜਤ 83 ਨਵੇਂ ਕੇਸਾਂ ਦੀ ਪੁਸ਼ਟੀ ਕੀਤੀ ਗਈ ਹੈ ਅਤੇ 3 ਮੌਤਾਂ ਹੋਰ ਚੁੱਕੀਆਂ ਹਨ। ਇਸ ਤਰ੍ਹਾਂ ਸੂਬੇ ਵਿਚ ਪੀੜਤ ਲੋਕਾਂ ਦੀ ਕੁੱਲ ਗਿਣਤੀ 186 ਹੋ ਗਈ ਹੈ ਅਤੇ ਹੁਣ ਤੱਕ 7 ਵਿਅਕਤੀ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ।

ਅਜਿਹੇ ਹਾਲਾਤ ਵਿਚ ਸੂਬਾਈ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ ਨੇ ਸੂਬੇ ਵਿਚ ਪਬਲਿਕ ਹੈਲਥ ਐਮਰਜੈਂਸੀ ਦਾ ਐਲਾਨ ਕੀਤਾ ਹੈ। ਉਨ੍ਹਾਂ ਸਾਰੇ ਕਲੱਬ, ਬਾਰ ਬੰਦ ਕਰਨ ਦੇ ਆਦੇਸ਼ ਦਿੱਤੇ ਹਨ। ਬੇਸ਼ੱਕ ਗਰੋਸਰੀ ਸਟੋਰਾਂ ਅਤੇ ਫਾਰਮੇਸੀਆਂ ਖੁੱਲ੍ਹੀਆਂ ਰਹਿਣਗੀਆਂ ਪਰ ਉਨ੍ਹਾਂ ਨੂੰ ਸਮਾਜਿਕ ਦੂਰੀ ਯਕੀਨੀ ਬਣਾਉਣ ਲਈ ਉਪਾਅ ਕਰਨ ਲਈ ਕਿਹਾ ਗਿਆ ਹੈ। ਜੋ ਰੈਸਟੋਰੈਂਟ ਅਤੇ ਕੈਫੇ ਇਹ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ, ਉਨ੍ਹਾਂ ਨੂੰ ਸਿਰਫ ਟੇਕ-ਆਊਟ ਸੇਵਾ ਦੀ ਆਗਿਆ ਦਿੱਤੀ ਗਈ ਹੈ। ਡਾ. ਹੈਨਰੀ ਨੇ ਕਿਹਾ, "ਸਾਡੀ ਕਮਿਊਨਿਟੀ ਵਿਚ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਹਨ ਜੋ ਇਸ ਮਾਪਦੰਡ ਨੂੰ ਪੂਰਾ ਨਹੀਂ ਕਰ ਰਹੀਆਂ, ਉਹ ਬੰਦ ਹੋ ਜਾਣੀਆਂ ਚਾਹੀਦੀਆਂ ਹਨ।"

# ਅਮਰੀਕਾ ਦੇ ਕੇਨਸਸ ਰਾਜ ਦੇ ਸਕੂਲਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਹੋਵੇਗਾ ਸ਼ਾਮਿਲ



ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੇਨਸਸ ਰਾਜ ਵੱਲੋਂ ਸਿੱਖ ਇਤਿਹਾਸ ਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸਕੂਲਾਂ ਦੇ ਸਲੇਬਸ ਵਿਚ ਸ਼ਾਮਿਲ ਕਰਨ ਦਾ ਇਤਿਹਾਸਕ ਨਿਰਨਾ ਲਿਆ ਗਿਆ ਹੈ। ਕੇਨਸਸ ਰਾਜ ਅਮਰੀਕਾ ਦਾ 14 ਵਾਂ ਰਾਜ ਬਣ ਗਿਆ ਹੈ ਜਿਸ ਨੇ ਸੋਸਲ ਸਟੱਡੀਜ਼ ਦੇ ਸਲੇਬਸ ਵਿਚ ਸਿੱਖ ਇਤਿਹਾਸ ਤੇ ਸਿੱਖਿਆਵਾਂ ਨੂੰ ਸ਼ਾਮਿਲ ਕੀਤਾ ਹੈ। ਇਸ ਤੋਂ ਹਫਤਾ ਪਹਿਲਾਂ ਅਜਿਹਾ ਹੀ ਪ੍ਰਸਤਾਵ ਇੰਡਿਆਨਾ ਸਿੱਖਿਆ ਬੋਰਡ ਨੇ ਪਾਸ ਕੀਤਾ ਸੀ। ਕੇਨਸਸ ਤੇ ਇੰਡਿਆਨਾ ਵੱਲੋਂ ਲਏ ਗਏ ਫੈਸਲਿਆਂ ਉਪਰੰਤ 23,028,547 ਵਿਦਿਆਰਥੀਆਂ, ਜੋ ਅਮਰੀਕਾ ਦੇ ਪਬਲਿਕ ਸਕੂਲਾਂ ਦੇ ਕੁਲ ਵਿਦਿਆਰਥੀਆਂ ਦਾ 45% ਹਿੱਸਾ ਬਣਦਾ ਹੈ, ਨੂੰ ਸਿੱਖ ਇਤਿਹਾਸ ਬਾਰੇ ਜਾਣਨ ਦਾ ਅਵਸਰ ਪ੍ਰਦਾਨ ਹੋਵੇਗਾ। ਇਸ ਫੈਸਲੇ ਉਪਰੰਤ ਸਿੱਖ ਹਲਕਿਆਂ ਵਿਚ ਖੁਸ਼ੀ ਪਾਈ ਜਾ ਰਹੀ ਹੈ। ਪ੍ਰਿਤਪਾਲ ਕੌਰ ਸਿੱਖ ਕੁਲੀਸ਼ਨ ਐਜੂਕੇਸ਼ਨ ਡਾਇਰੈਕਟਰ ਨੇ ਇਸ ਉਪਰ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਇਹ ਵਰਿਆਂ ਤੋਂ ਚਲੀ ਆਉਂਦੀ ਸਿੱਖ ਧਰਮ ਬਾਰੇ ਜਾਗਰੂਕਤਾ ਮੁਹਿੰਮ ਦੀ ਜਿੱਤ ਹੈ। ਉਨਾਂ ਕਿਹਾ ਕਿ ਇਹ ਅਜੇ ਪਹਿਲਾ ਕਦਮ ਹੈ ਸਾਨੂੰ ਇਸ ਗੱਲ ਨੂੰ ਨਿਸ਼ਚਤ ਬਣਾਉਣਾ ਪਵੇਗਾ ਕਿ ਅਧਿਆਪਕ ਤੇ ਵਿਦਿਆਰਥੀ ਸਿੱਖ ਧਰਮ ਬਾਰੇ ਸਹੀ ਤੇ ਉਚਿੱਤ ਜਾਣਕਾਰੀ ਪ੍ਰਾਪਤ ਕਰਨ। ਇਸ ਤੋਂ ਪਹਿਲਾਂ ਜਿਨਾਂ ਰਾਜਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਸ਼ਾਮਿਲ ਕੀਤਾ ਜਾ ਚੁੱਕਾ ਹੈ, ਉਨਾਂ ਵਿਚ ਨਿਊ ਜਰਸੀ, ਟੈਕਸਸ, ਨਿਊਯਾਰਕ, ਕੈਲੀਫੋਰਨੀਆ, ਲਦਾਹੋ, ਟੈਨੇਸੀ, ਕੋਲੋਰਾਡੋ, ਐਰੀਜ਼ੋਨਾ, ਓਕਲਾਹੋਮਾ, ਮਿਸ਼ੀਗਨ, ਉਤਰੀ ਡਕੋਟਾ ਤੇ ਨੈਰਸਕਾ ਸ਼ਾਮਿਲ ਹਨ। ਇਥੇ ਇਹ ਜਿਕਰਯੋਗ ਹੈ ਕਿ ਕੇਨਸਸ ਦੀ ਸਿੱਖਿਆ ਨੀਤੀ ਅਨੁਸਾਰ ਸਲੇਬਸ ਉਪਰ ਸਕੂਲ ਜਿਲਿਆਂ ਦਾ ਨਿਯੰਤਰਣ ਹੈ।


















# ..ਪੇਕੇ ਹੁੰਦੇ ਮਾਵਾਂ ਨਾਲ



-ਕੁਲਮਿੰਦਰ ਕੌਰ-

ਮੇਰੀ ਪੜ੍ਹੀ ਲਿਖੀ ਮਾਂ ਪਿੰਡ ਦੇ ਸਕੂਲ 'ਚੋਂ ਅਧਿਆਪਕ ਦੀ ਨੌਕਰੀ ਤੋਂ ਰਿਟ-ਾਇਰ ਹੋ ਕੇ ਉਥੋਂ ਦਾ ਮੋਹ ਪਿਆਰ ਤੇ ਮਿਲਦਾ ਮਾਣ ਸਤਿਕਾਰ ਜਿਉਂਦੇ ਜੀਅ ਛੱਡਣ ਨੂੰ ਤਿਆਰ ਨਹੀਂ ਸੀ। ਪੁੱਤ-ਪੋਤਰੇ, ਧੀਆਂ ਨੌਕਰੀ ਕਰਦੇ ਵੱਡੇ ਸ਼ਹਿਰਾਂ 'ਚ ਰਹਿਣ ਲੱਗੇ, ਪਰ ਮਾਂ ਨੇ ਪਿੰਡ ਵਾਲੇ ਜੱਦੀ ਘਰ 'ਚ ਇਕੱਲੇ ਰਹਿਣਾ ਸਵੀਕਾਰ ਕੀਤਾ। ਉਸ ਦਾ ਇਹ ਮੰਨਣਾ ਸੀ ਕਿ ਮੈਂ ਇਕੱਲੀ ਕਦੋਂ ਹਾਂ? ਸਾਰਾ ਗਰਾਂ ਮੇਰਾ ਆਪਣਾ ਹੈ। ਉਸ ਦੀ ਖਬਰ ਸਾਰ ਲੈਣ, ਖਾਸ ਕਰਕੇ ਅੰਤਿਮ ਦਿਨਾਂ ਵਿੱਚ ਅਸੀਂ ਅਕਸਰ ਉਥੇ ਪਹੁੰਚਦੇ। ਮਾਂ ਜਹਾਨੋਂ ਤੁਰ ਗਈ ਤਾਂ ਪੇਕੇ ਘਰ ਜਾਣ ਦਾ ਪੱਜ ਵੀ ਨਾਲ ਲੈ ਗਈ।

ਹੁਣ ਮਾਂ ਦੇ ਗੁਜ਼ਰਨ ਤੋਂ ਚਾਰ ਸਾਲ ਬਾਅਦ ਪੇਕੇ ਪਿੰਡ ਤੋਂ ਡੇਢ ਮੀਲ ਦੀ ਵਿੱਥ 'ਤੇ ਮਾਸੀ ਦੇ ਪਿੰਡ ਉਸ ਦੇ ਪੋਤਰੇ ਦੀ ਕੁੜੀ ਦੇ ਵਿਆਹ 'ਤੇ ਅਸੀਂ ਛੋਟੇ ਭਰਾ ਭਰਜਾਈ ਨਾਲ ਪਹੁੰਚੇ। ਰਾਤ ਨੂੰ ਅਸੀਂ ਆਪਣੇ ਪਿੰਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੇਰਾ ਮਨ ਵੀ ਪੇਕੇ ਘਰ ਰਾਤ ਕੱਟਣ ਲਈ ਬੇਤਾਬ ਸੀ। ਵਿਆਹ ਵਾਲੇ ਘਰ ਅਸੀਂ ਸ਼ਾਮ ਨੂੰ ਕੁੜੀ ਦੇ ਮਾਮੇ ਵੱਲੋਂ ਚੂੜਾ ਚੜ੍ਹਾਉਣ ਦੀ ਰਸਮ 'ਚ ਸ਼ਾਮਲ ਹੋਏ ਤੇ ਰਾਤ ਦੇ ਖਾਣੇ ਪਿੱਛੋਂ ਘਰ ਪਹੁੰਚ ਗਏ। ਭਰਾ ਨੇ ਸਾਰੇ ਘਰ ਦੀ ਮੁਰੰਮਤ ਤੇ ਫਰਸ਼ਾਂ ਪੱਕੀਆਂ ਕਰਾਂ ਕੇ ਇਮਾਰਤਸਾਜ਼ੀ 'ਚ ਬਹੁਤਾ ਬਦਲਾਅ ਨਹੀਂ ਸੀ ਕੀਤਾ। ਉਸ ਰਾਤ ਮੈਨੂੰ ਸੌਣ ਦੀ ਜਗ੍ਹਾ ਸੁਫੇ (ਦਲਾਨ) 'ਚ ਮਿਲੀ ਸੀ। ਲੰਮੇ ਸਫਰ ਦੀ ਥਕਾਵਟ 'ਚ ਅੱਜ ਪੇਕੇ ਘਰ ਗੂੜ੍ਹੀ ਨੀਂਦ ਦੇ ਆਗੋਸ਼ 'ਚ ਜਾ ਕੇ ਰੂਹ ਤੇ ਮਨ ਦੀ ਸ਼ਾਂਤੀ ਬਟੋਰਨਾ ਚਾਹ ਰਹੀ ਸਾਂ।

ਜਾਗੋ ਮੀਟੀ 'ਚ ਹਾਲੇ ਉਸਲ ਵੱਟੇ ਭੰਨ ਰਹੀ ਸਾਂ ਕਿ ਇਸ ਘਰ ਤੇ ਮਾਂ ਨਾਲ ਜੁੜੀਆਂ ਯਾਦਾਂ ਨੇ ਆਣ ਘੇਰਿਆ, ਜੋ ਮੇਰੇ ਸਿਰ ਨੂੰ ਥਪਥਪਾ ਕੇ ਸਹਿਲਾ ਦੇਣ ਦੀ ਬਜਾਏ ਮੈਨੂੰ ਹਲੂਣ ਦੇਣ 'ਚ ਕਾਮਯਾਬ ਹੋ ਰਹੀਆਂ ਸਨ। ਫਿਰ ਕੀ ਸੀ, ਮੈਂ ਵੀ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਰਾਤ ਦੇ ਹਨੇਰੇ ਤੇ ਖਾਮੋਸ਼ੀ 'ਚ ਕਦੇ-ਕਦੇ ਘੁਰਾੜਿਆਂ ਦੀ ਆਵਾਜ਼ ਵਿੱਚ ਮੈਂ ਅਵਚੇਤਨ ਮਨ 'ਚੋਂ ਉਘੜਦੀਆਂ ਯਾਦਾਂ ਦੀ ਉਧੇੜ ਬੁਣ 'ਚ ਉਲਝ ਕੇ ਰਹਿ ਗਈ। ਇਸ ਸੁਫੇ ਵਿੱਚ ਮਾਂ ਦਾ ਵੱਡਾ ਦੋ ਬੂਹਿਆਂ ਵਾਲਾ ਲੱਕੜ ਦਾ ਸੰਦੂਕ ਸੀ। ਕਦੇ ਕੱਪੜੇ ਕੱਢ ਕੇ ਧੁੱਪੇ ਸੁਕਾਉਂਦੀ ਤਾਂ ਅਸੀਂ ਇਕ ਬੂਹੇ 'ਚੋਂ ਅੰਦਰ ਵੜ ਕੇ ਦੂਜੇ 'ਚੋਂ ਬਾਹਰ ਨਿਕਲਦੇ ਹੋਏ ਛੂਹਣ ਛੁਹਾਈ ਤੇ ਲੁਕਣ ਮਿਟੀ ਖੇਡਦੇ ਰਹਿੰਦੇ। ਦੋ ਵੱਡੇ ਪਲੰਘ ਸੁਫੇ 'ਚ ਹਮੇਸ਼ਾ ਡੱਠੇ ਰਹਿੰਦੇ। ਰਾਤ ਨੂੰ ਅਸੀਂ ਪੰਜ ਭੈਣ ਭਰਾ ਸੰਦੂਕ 'ਚ ਰੱਖੇ ਵੱਡੀ ਚਿਮਨੀ ਵਾਲੇ ਲੈਂਪ ਨੂੰ ਜਗਾ ਕੇ ਇਕੋ ਪਲੰਘ ਉਤੇ ਬੈਠੇ ਪੜ੍ਹਦੇ ਰਹਿੰਦੇ। ਰੋਸ਼ਨੀ ਵੱਧ ਲੈਣ ਖਾਤਰ ਲੈਂਪ ਨੂੰ ਥੋੜ੍ਹਾ ਆਪਣੇ ਵੱਲ ਖਿਸਕਾ ਲੈਣ ਵਰਗੀਆਂ ਗੁੱਝੀਆਂ ਸ਼ਰਾਰਤਾਂ ਕਰਦੇ। ਨੌਵੀਂ 'ਚ ਪੜ੍ਹਦਿਆਂ ਪਹਿਲੀ ਵਾਰ ਬਲਬ ਜਗਿਆ ਤਾਂ ਮੁੜ ਅਸੀਂ ਇਕ ਮੰਜੇ 'ਤੇ ਨਾ ਬੈਠੇ।

ਸੁਫੇ ਦੀਆਂ ਯਾਦਾਂ 'ਚੋਂ ਨਿਕਲੀ ਤਾਂ ਇਸ਼ਾਰਾ ਇਕ ਪਾਸੇ ਅੱਗੇ ਪਿੱਛੇ ਬਣੀਆਂ ਦੋ ਕੋਠੜੀਆਂ ਵੱਲ ਹੋ ਗਿਆ, ਜਿਥੇ ਜਿਨਸਾਂ (ਕਣਕ-ਛੱਲੀਆਂ) ਵਗੈਰਾ ਸੁੱਕਣ ਵਾਸਤੇ ਖਿਲਾਰੀਆਂ ਹੁੰਦੀਆਂ। ਸੁਫੇ ਦੇ ਅੱਗੇ ਵਰਾਂਡੇ 'ਚ ਬਹਿਣ ਖਲੋਣ ਵਾਸਤੇ ਜਗ੍ਹਾ ਹੁੰਦੀ। ਯਾਦਾਂ ਦਾ ਕਾਫਲਾ ਅੱਗੇ ਇਕ ਪਾਸੇ ਚੁਬਾਰੇ ਨੂੰ ਜਾਂਦੀਆਂ ਪੌੜੀਆਂ, ਰਸੋਈ, ਨਲਕਾ ਅਤੇ ਫਿਰ ਤੇਜ਼ ਕਦਮੀਂ ਵਿਹੜਾ ਪਾਰ ਕਰਦੇ ਹੋਏ ਬੈਠਕ 'ਚ ਪਹੁੰਚ ਗਿਆ। ਨਿੱਕੀ ਗਲੀ ਤੇ ਘਰ ਦੇ ਕੋਨੇ 'ਚ ਬੈਠਕ ਦਾ ਦਰਵਾਜ਼ਾ ਵੱਡੀ ਗਲੀ ਵੱਲ ਖੁੱਲ੍ਹਦਾ ਸੀ। ਬਚਪਨ ਵੇਲੇ ਮੇਰੇ ਪਿਓ ਦਾ ਰੈਣ ਬਸੇਰਾ ਬੈਠਕ ਹੀ ਸੀ। ਕਈ ਸਾਲ ਪਹਿਲਾਂ ਜਦੋਂ ਪਿਤਾ ਜੀ ਸਾਥੋਂ ਸਦਾ ਲਈ ਵਿਛੜ ਗਏ ਤਾਂ ਬੈਠਕ ਮਾਂ ਨੇ ਮੱਲ ਲਈ ਸੀ। ਘਰ ਵਿੱਚ ਇਕੱਲੇ ਹੋਣ ਦਾ ਕੋਈ ਤੌਖਲਾ ਜਾਂ ਹੇਰਵਾ ਨਹੀਂ ਸੀ। ਸਵੇਰੇ ਤੜਕਸਾਰ ਸਪੀਕਰ ਵਿੱਚ ਗੁਰਦੁਆਰੇ ਦਾ ਭਾਈ ਪਾਠ ਸ਼ੁਰੂ ਕਰਦਾ ਤਾਂ ਘਰੇ ਹੀ ਸੀਸ ਨਿਵਾ ਕੇ ਹੱਥ ਜੋੜਦੀ। ਨਹਾ ਧੋ ਕੇ, ਨਿੱਤ ਨੇਮ ਤੋਂ ਵਿਹਲੀ ਹੋ ਕੇ ਬੈਠਕ ਦਾ ਗਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਮੰਜੇ 'ਤੇ ਬੈਠ ਜਾਂਦੀ। ਸੇਵਾਦਾਰ ਬੀਬੀ ਜਾਗੀਰੋ ਆਉਂਦੀ ਤਾਂ ਚਾਹ ਪੀਂਦੇ। ਗਲੀ 'ਚ ਗੁਰਦੁਆਰੇ ਜਾਂਦੀ ਆਉਂਦੀ ਸੰਗਤ ਬੀਜੀ ਨੂੰ ਫਤਿਹ ਬੁਲਾਉਂਦੀ ਲੰਘਦੀ। ਅਸੀਂ ਉਥੇ ਜਾਂਦੇ ਤਾਂ ਮੈਂ ਮੰਜਾ ਬੀਜੀ ਕੋਲ ਬੈਠਕ 'ਚ ਹੀ ਰੱਖਦੀ ਤਾਂ ਕਿ ਉਨ੍ਹਾਂ ਦਾ ਇਹ ਪੱਖ ਤੇ ਸਾਥ ਮਾਣ ਸਕਾਂ। ਮੈਨੂੰ ਸੁੱਤੀ ਨੂੰ ਵੇਖਣਾ ਤਾਂ ਕਈਆਂ ਨੇ ਪੁੱਛਣਾ, ਅੱਛਾ! ਧੀ ਰਾਣੀ ਆਈ ਲੱਗਦੀ ਹੈ, ਹਾਂ ਮਿੰਦਰਾਂ ਹੈ, ਰਾਤ ਹਨੇਰੇ ਹੋਏ ਆਏ ਨੇ।' ਉਮਰ ਦੇ ਆਖਰੀ ਪੜਾਅ 'ਤੇ ਵੀ ਮੈਂ ਉਸ ਪਲ ਲਾਡਲੀ ਧੀ ਹੋਣ ਦਾ ਅਹਿਸਾਸ ਪਾਲਦੀ। ਉਥੇ ਬੈਠੇ ਹੀ ਪਾਣੀ ਨਾਲ ਹੱਥ ਸੁੱਚੇ ਕਰਕੇ ਗੁਟਕਾ ਫੜ ਕੇ ਪਾਠ ਕਰਨ ਲੱਗਦੇ। ਬੈਠਕ ਦਾ ਦਰਵਾਜ਼ਾ ਸਾਰਾ ਦਿਨ ਖੁੱਲ੍ਹਾ ਰਹਿੰਦਾ। ਸ਼ਾਮ ਤੱਕ ਬੀਜੀ ਦਾ ਸੰਗਤ ਦਰਸ਼ਨ ਚਲਦਾ ਰਹਿੰਦਾ।

ਦਸਵੀਂ ਤੋਂ ਬਾਅਦ ਹੋਸਟਲ 'ਚ ਪੜ੍ਹਾਈ, ਫਿਰ ਵਿਆਹ ਤੇ ਨੌਕਰੀ ਨੇ ਪਿੰਡ ਨਾਲ ਕੋਈ ਵਾਸਤਾ ਨਾ ਰਹਿਣ ਦਿੱਤਾ ਤੇ ਹੁਣ ਬੀਜੀ ਦੇ ਬੈਠਕ ਨੇ ਭੁੱਲੀਆਂ ਵਿਸਰੀਆਂ ਯਾਦਾਂ ਨੂੰ ਮੇਰੇ ਸਾਹਵੇਂ ਮੁੜ ਜੀਵੰਤ ਕੀਤਾ ਸੀ। ਜਦੋਂ ਕੋਈ ਆਉਂਦਾ ਜਾਂਦਾ ਤਾਂ ਮਾਂ ਨੂੰ ਸਮਝਾਉਣਾ ਪੈਂਦਾ, ਆਹ ਤੇਰੀ ਚਾਚੀ ਊ ਮੇਰੇ ਵਾਲੀ, ਭੋਜੇ ਦੀ ਬੀਬੀ, ਇਹ ਈ ਬਾਲੇ ਟਾਂਗੇ ਵਾਲੇ ਦੀ ਬਹੂ, ਇਹ ਪ੍ਰੀਤੋ ਭੱਠੀ ਵਾਲੀ ਦੀ ਨੂੰਹ ਈ। ਯਾਦ ਏ ਨਾ ਤੈਨੂੰ, ਉਹ ਸਾਹਮਣੇ ਕੋਠੀ ਵੱਲ ਇਸ਼ਾਰਾ ਕਰਕੇ ਕਹਿੰਦੀ, ਉਥੇ ਖੋਲੇ ਜਿਹੇ 'ਚ ਦਾਣੇ ਭੁੰਨਦੀ ਸੀ। ਪਿਛਲੇ ਪਿੰਡ ਵਾਲੀ ਤੇਰੀ ਸਹੇਲੀ ਕਰਮੀ ਜਦ ਪਿੰਡ ਆਵੇ, ਮੈਨੂੰ ਮਿਲ ਕੇ ਤੇਰੀ ਸੁੱਖ ਸਾਂਦ ਪੁੱਛ ਜਾਂਦੀ ਹੈ। ਤੇਰੀ ਪੱਕੀ ਸਹੇਲੀ ਸ਼ਾਂਤੀ ਤਾਂ ਸਾਰਾ ਦਿਨ ਇਥੇ ਬੈਠੀ ਗੱਲਾਂ ਬਾਤਾਂ ਕਰਦੀ, ਰੋਟੀ ਪਾਣੀ ਖਾ ਕੇ ਫਿਰ ਆਥਣੇ ਜਿਹੇ ਆਪਣੇ ਭਤੀਜੇ ਵੱਲ ਜਾਂਦੀ ਹੈ।

ਪਿੰਡ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਗਹੁ ਨਾਲ ਸੁਣਦੇ ਤੇ ਸੰਭਾਵੀ ਹੱਲ ਦੱਸਦੇ। ਸ਼ਾਮ ਨੂੰ ਗੁਰਦੁਆਰੇ ਹੁੰਦਾ ਰਹਿਰਾਸ ਦਾ ਪਾਠ ਸੁਣਦੇ। ਟੀ ਵੀ ਦਾ ਸ਼ੌਕ ਨਹੀਂ ਸੀ ਪਾਲਿਆ। ਰੋਟੀ ਜਲਦੀ ਖਾ ਕੇ ਸੌਂ ਜਾਂਦੇ। ਮੈਂ ਕੋਈ ਕਿਤਾਬ ਪੜ੍ਹਨ ਲੱਗ ਜਾਂਦੀ। ਨੀਂਦ ਦਾ ਝੌਂਕਾ ਜਿਹਾ ਲਾ ਕੇ ਥੋੜ੍ਹੀ ਦੇਰ ਬਾਅਦ ਬਲਬ ਜਗਦਾ ਵੇਖ ਕਹਿਣਾ, 'ਕੁੜੇ ਪੈ ਜਾ, ਹਾਲੇ ਬੈਠੀ ਹੈਂ, ਬੁਝਾ ਦੇ ਬੱਤੀ ਹੁਣ' ਕੜਕਵੀਂ ਆਵਾਜ਼ 'ਚ ਅੱਜ ਮੁੜ ਇਹ ਬੋਲ ਫਿਜ਼ਾ ਵਿੱਚ ਗੂੰਜੇ, ਪਤਾ ਨਹੀਂ ਕਿਵੇਂ ਯਾਦਾਂ ਦਾ ਕਾਰਵਾਂ ਥੰਮ ਗਿਆ ਤੇ ਮੈਂ ਗੂੜ੍ਹੀ ਨੀਂਦ 'ਚ ਸਾਂ। ਗੁਰਦੁਆਰੇ 'ਚ ਸਵੇਰੇ ਉਚੀ ਆਵਾਜ਼ 'ਚ ਲੱਗਦੇ ਸਪੀਕਰ ਦੀ ਆਵਾਜ਼ ਕਦੇ ਸੌਣ ਨਹੀਂ ਸੀ ਦਿੰਦੀ, ਪਰ ਅੱਜ ਮੇਰੀ ਨੀਂਦ ਦਾ ਸਬੱਬ ਬਣ ਗਈ।

ਵਾਹਵਾ ਦਿਨ ਚੜ੍ਹੇ ਭਰਜਾਈ ਨੇ ਆਣ ਉਚੀ ਆਵਾਜ਼ 'ਚ ਟੋਟਕਾ ਛੱਡਿਆ, 'ਓ ਭੈਣ! ਤੁਸੀਂ ਚੰਗਾ ਅੱਜ ਪੇਕੇ ਘਰ ਸੌਣ ਦਾ ਲਾਹਾ ਲੈ ਰਹੇ ਹੋ।' ਅੱਖ ਖੁੱਲ੍ਹੀ, ਮੈਂ ਆਪਣੇ ਵਜੂਦ 'ਚ ਆ ਕੇ ਝਾਤੀਆਂ ਮਾਰਾਂ, ਨਾ ਬੀਜੀ, ਨਾ ਜਗੀਰੋ ਲੱਭੀਆਂ। ਚਾਹ ਦਾ ਗਲਾਸ ਫੜ ਕੇ ਮੈਂ ਵਿਹੜੇ 'ਚ ਆਈ ਤਾਂ ਸਾਹਮਣੇ ਕੋਨੇ 'ਚੋਂ ਬੈਠਕ ਵੀ ਗਾਇਬ ਸੀ। ਉਹ ਤਾਂ ਬੀਜੀ ਦੇ ਜਾਣ ਤੋਂ ਸਾਲ ਬਾਅਦ ਹੀ ਢਹਿ ਢੇਰੀ ਹੋ ਗਈ ਸੀ। ਤਿਆਰ ਹੋ ਕੇ ਤੁਰਨ ਲੱਗੀ ਤਾਂ ਕਦਮ ਖੁਦ-ਬ-ਖੁਦ ਬੈਠਕ ਵੱਲ ਅਹੁਲੇ ਪਰ ਫਿਰ ਇਸ ਕੀਮਤੀ ਖਜ਼ਾਨੇ ਦੇ ਖੁੱਸ ਜਾਣ ਦੀ ਕਸਕ ਮਨ ਵਿੱਚ ਲੈ ਕੇ ਬਾਹਰ ਗੱਡੀ ਵਿੱਚ ਬੈਠ ਗਈ ਸਾਂ। ਉਸੇ ਪਲ ਲੋਕ ਗੀਤ ਦੀਆਂ ਸਤਰਾਂ 'ਮਾਂ ਮੈਂ ਮੁੜ ਨਹੀਂ ਪੇਕੇ ਆਉਣਾ, ਪੇਕੇ ਹੁੰਦੇ ਮਾਵਾਂ ਨਾਲ' ਦੀ ਸਾਰਥਿਕਤਾ ਦੇ ਵੀ ਅੱਜ ਰੂਬਰੂ ਹੋਈ। ਭਰਾ ਅੰਦਰੋਂ ਬਾਹਰ ਨਿਕਲਿਆ ਤਾਂ ਬੈਠਕ ਦੀ ਸਰਦਲ ਨੂੰ ਸਜਦਾ ਕੀਤਾ। ਇਹ ਵੇਖ ਮੇਰੀਆਂ ਅੱਖਾਂ ਦੇ ਕੋਇਆਂ 'ਚ ਕਦੋਂ ਦੇ ਅਟਕੇ ਅੱਥਰੂ ਛਲਕ ਪਏ, ਪਰ ਬਾਅਦ 'ਚ ਯਾਦਾਂ ਦੇ ਦਸਤਾਵੇਜ਼ ਪੱਲੂ ਨਾਲ ਬੰਨ੍ਹ ਕੇ ਸਹਿਜ ਹੋ ਗਈ ਸਾਂ। ਵਿਆਹ ਸਮਾਗਮ 'ਚ ਸ਼ਾਮਲ ਹੋਣ ਲਈ ਪੈਲੇਸ ਪਹੁੰਚੇ। ਇਥੇ ਹਾਜ਼ਰੀ ਭਰ ਕੇ ਸ਼ਾਮ ਤੱਕ ਘਰੋਂ-ਘਰੀ ਪਹੁੰਚ ਗਏ ਸਾਂ।

## ਜੁੱਸੇ ਤੇ ਸਿਆਣਪ ਦਾ ਟਕਰਾਅ

-ਗੱਜਣਵਾਲਾ ਸੁਖਮਿੰਦਰ ਸਿੰਘ

ਵਿਆਹ ਸ਼ਾਦੀਆਂ ਦਾ ਦਿਨ ਸ਼ੋਰ ਅਤੇ ਸ਼ਰਾਬ ਦਾ ਮਿਸ਼ਰਣ ਬਣ ਕੇ ਰਹਿ ਗਿਆ ਹੈ। ਪਿਛਲੇ ਦਿਨੀਂ ਪਟਿਆਲਾ ਲਾਗੇ ਇਕ ਵਿਆਹ ਪਾਰਟੀ ਵਿੱਚ ਜਾਣ ਦਾ ਮੌਕਾ ਮਿ-ਲਿਆ। ਮਾਘ ਮਹੀਨੇ ਦੀ ਕੋਸੀ-ਕੋਸੀ ਧੁੱਪ ਅਤੇ ਪਿਆਰਾ ਮੌਸਮ। ਦਿਨ ਵੀ ਖਿੜੇ ਨਰਮੇ ਦੇ ਖੇਤ ਵਰਗਾ। ਸੂਟਾਂ ਬੂਟਾਂ ਵਿੱਚ ਟਹਿਕਦੇ ਚਿਹਰੇ ਤੇ ਦੁਆ ਪਾਣੀ ਘੁੰਮ ਰਿਹਾ ਸੀ। ਮਹਿਮਾਨਾਂ ਦਾ ਜਮਾਵੜਾ ਦੋ ਵਰਗਾਂ ਵਿੱਚ ਤਕਸੀਮ ਹੋ ਚੁੱਲਾ ਸੀ। ਇਕ ਪਾਸੇ ਸੋਫਿਆਂ ਕੁਰਸੀਆਂ ਉਤੇ ਬਿਰਾਜਮਾਨ ਬੁੱਧੀਜੀਵੀ, ਦਾਨਿਸ਼ਵਰ, ਸੁਚੇਤ ਵਰਗ ਸੀ। ਇਸ ਦੇ ਵਿਪਰੀਤ ਦੂਜਾ ਵਰਗ ਬਹੁਤ ਹੀ ਨਾਬਰ ਸੀ, ਖੌਲਦਾ ਉਬਾਲੇ ਖਾਂਦਾ ਨਵਾਂ ਖੂਨ। ਇਨ੍ਹਾਂ ਕੋਲ ਰਕਬਾ ਤਾਂ ਥੋੜ੍ਹਾ ਸੀ, ਪਰ ਇਨ੍ਹਾਂ ਦੀ ਧਮਕ ਸਦਕੇ ਉਮਰਾਂ (ਜੁਆਨੀਆਂ) ਵਿਹਾ ਚੁੱਕੇ ਪਹਿਲੇ ਦਾਨਿਸ਼ਵਰ ਵਰਗ ਉਪਰ ਉਨ੍ਹਾਂ ਦਾ ਦਬਦਬਾ ਪੈਦਾ ਜਾ ਰਿਹਾ ਸੀ। ਇਹ ਬੁੱਧੀਜੀਵੀ ਵਰਗ ਇਸ ਨੌਜਵਾਨੀ ਰਵੱਈਏ ਵੱਲ ਬਹੁਤ ਕੁੜੱਤਣ ਭਰੇ ਅੰਦਾਜ਼ ਨਾਲ ਵੇਖ ਰਿਹਾ ਸੀ, ਪਰ ਇਨ੍ਹਾਂ ਦੀ ਇਕ ਨਹੀਂ ਸੀ ਚੱਲ ਰਹੀ।

ਇਸ ਤਰ੍ਹਾਂ ਲੱਗਿਆ ਜਿਵੇਂ ਸ਼ਹਿਰ ਤੇ ਪਿੰਡ ਦਾ ਆਪਸੀ ਟਕਰਾਅ ਹੋ ਗਿਆ ਹੋਵੇ। ਇਸ ਨਾਬਰ ਵਰਗ ਦੇ ਜੁੱਸੇ ਨੂੰ ਵੇਖ ਕੇ ਲੱਗਿਆ ਜਿਵੇਂ ਨੌਜਵਾਨੀ ਆਧੁਨਿਕ ਯੁੱਗ ਵਿੱਚ ਤਬਦੀਲ ਹੋ ਰਹੀ ਹੋਵੇ। ਡੀ ਜੇ ਦੇ ਸਪੀਕਰਾਂ ਤੋਂ ਰਾਕਟ ਲਾਂਚਰਾਂ ਵਰਗੀ ਨਿਕਲਦੀ ਚੀਕਦੀ ਆਵਾਜ਼ ਨੇ ਆਪਸੀ ਗੱਲਾਂ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਛੱਡੀ। ਗੱਲ ਇਕੱਲੀ ਸ਼ੋਰ ਦੀ ਨਹੀਂ, ਨਿਕਲਦੇ ਅਲਫਾਜ਼ਾਂ ਦੀ ਵੀ ਸੀ। 'ਉਏ ਜੱਟ ਓਥੇ ਫੈਰ ਕਰਦਾ ਜਿੱਥੇ ਹੁੰਦੀ ਐ ਪਾਬੰਦੀ ਹਥਿਆਰ ਦੀ'। ਦਾਨਿਸ਼ਵਰ ਵਰਗ ਨੂੰ ਤਾਂ ਸਮਾਜ ਦਾ ਫਿਕਰ ਵੱਢ-ਵੱਢ ਖਾਈ ਜਾਂਦਾ ਸੀ। ਉਹ ਮੱਚੇ ਪਏ ਸਨ ਕਿ ਮਸਾਂ-ਮਸਾਂ ਸੂਝਵਾਨ ਇਕੱਠੇ ਹੋਏ ਹਨ, ਸਾਨੂੰ ਕੋਈ ਗੱਲ ਕਿਉਂ ਨਹੀਂ ਕਰਨ ਦਿੰਦੇ। ਵੱਟ ਖਾ ਕੇ ਉਸ ਵੇਲੇ ਕਈਆਂ ਨੇ ਉਠ ਕੇ ਕਿਹਾ, 'ਓਏ ਆਵਾਜ਼ ਘੱਟ ਕਰੋ। ਆਵਾਜ਼ ਘੱਟ ਕਰ ਦਿਓ..।' ਤਦ ਮੂੰਹ ਰੱਖਣ ਲਈ ਥੋੜ੍ਹਾ ਜਿਹਾ ਸ਼ੋਰ ਘੱਟ ਹੋਇਆ, ਪਰ ਪਲਾਂ ਬਾਅਦ ਉਸ ਤੋਂ ਵੀ ਤੱਤੇ ਗੀਤ ਗੂੰਜਣ ਲੱਗੇ। 'ਜਦ ਵੀ ਵਗਾਰ ਪੈਂਦੀ ਜੱਟ ਨੂੰ, ਖਿੜੇ ਮੱਥੇ ਪੂਰਦਾ ਲਿਹਾਜ਼ ਨੀ। ਯਾਰਾਂ ਦੇ ਪਿੱਛੇ ਹੱਡ ਤੋੜਦੇ।' ਇਵੇਂ ਮੰਨ ਲਓ ਜਿਵੇਂ ਸਾਰਾ ਸੰਗੀਤ ਇਕ ਤਰਫਾ ਰੋਹ ਵਾਲਾ, ਮਰਦਾਨਗੀ ਤੇ ਬੁਲੰਦ ਜੁੱਸੇ ਵਾਲਾ ਸੀ। ਵੇਖ ਕੇ ਲੱਗਾ ਜਿਵੇਂ ਪੰਜਾਬ ਵਿੱਚ ਕੋਈ ਬਿਮਾਰ ਹੀ ਨਹੀਂ, ਕੋਈ ਸੰਕਟ ਹੀ ਨਹੀਂ ਹੈ। ਅਖਬਾਰ ਐਵੇਂ ਹੀ ਲਿਖ-ਲਿਖ ਭਰੀ ਜਾਂਦੇ ਹਨ।

ਕੁਝ ਚਿਰ ਬਾਅਦ ਉਥੇ ਰਾਮੂਵਾਲੀਆ ਬਲਵੰਤ ਆ ਪਹੁੰਚਿਆ। ਮਜਲਿਸ ਸਜੀ, ਗੱਲਾਂ ਸੁਣਨ ਦੇ ਖਿਆਲ ਨਾਲ ਇਕ ਨੇ ਫੇਰ ਆਖਿਆ 'ਉਏ ਆਵਾਜ਼ ਘੱਟ ਕਰੋ। ਓਏ ਆਵਾਜ਼ ਘੱਟ ਕਰ ਦਿਓ, ਗੱਲ ਤਾਂ ਕਰ ਲੈਣ ਦਿਓ।' ਦਾਨਿਸ਼ਵਰਾਂ ਦੇ ਮਨ ਦੀਆਂ ਮਨ ਵਿੱਚ ਰਹਿ ਗਈਆਂ। ਨੌਜਵਾਨੀ ਦੇ ਸ਼ੋਰ ਓ ਗੁੱਲ ਦੇ ਹੜ੍ਹ ਅੱਗੇ ਇਸ ਤਰ੍ਹਾਂ ਹੋ ਗਏ ਜਿਵੇਂ ਜੇਠ ਹਾੜ੍ਹ ਦੀ ਲੂ ਨੇ ਸੁਸਤਾ ਜਿਹੇ ਦਿੱਤੇ ਹੋਣ। ਤਿਆਰੀ ਨਾਲ ਆਏ ਸਿੱਧੂ ਜਸਪਾਲ ਦੀ 'ਨੇਸ਼ਨ-ਸਟੇਟ' ਦੀ ਗੱਲ ਵਿੱਚੇ ਰਹਿ ਗਈ। ਪਤਾ ਨਹੀਂ ਕੀ ਕੀ ਹੋਰ ਕਈਆਂ ਨੇ ਹਿੰਦੂਤਵ ਦੇ ਮੁੱਦੇ 'ਤੇ ਤਰਕ ਵਿਤਰਕ ਰਚਣਾ ਸੀ। ਕਈ ਘਰੋਂ ਤਿਆਰੀ ਕਰਕੇ ਆਏ ਸਨ ਕਿ ਕਿਸਾਨੀ ਸੰਕਟ ਤੇ ਖੁਰਦੇ ਸੱਭਿਆਚਾਰ ਦੇ ਕੀਰਨੇ ਪਾਵਾਂਗੇ। ਨੌਜਵਾਨੀ ਦੇ ਰੋਹ ਅੱਗੇ ਸਭ ਯੋਜਨਾਵਾਂ ਅਸਫਲ ਹੋ ਗਈਆਂ। ਫਿਰ ਘਰ ਦੇ ਮੋਹਤਬਰ ਨੂੰ ਆਵਾਜ਼ ਘੱਟ ਕਰਾਉਣ ਭੇਜਿਆ। ਉਸ ਦੀ ਕਿਸੇ ਨੇ ਗੱਲ ਨਹੀਂ ਸੁਣੀ। ਆਵਾਜ਼ ਹੋਰ ਉਚੀ ਕਰ ਦਿੱਤੀ। 'ਜਗ੍ਹਾ ਤੇਰੀ ਟੈਮ ਤੇਰਾ ਡਾਂਗ ਮੇਰੀ, ਵਹਿਮ ਤੇਰਾ, ਖੜਾ ਰਹੀਂ ਯਾਰ ਤੇਰਾ ਕੱਢੂ ਆਣ ਕੇ..।'

ਪੰਜਾਬੀ ਸੱਭਿਆਚਾਰ ਦੇ ਤੱਤਸਾਰ ਵਿੱਚੋਂ ਵਿਆਹ ਦਾ ਅਰਥ ਹੈ ਖੁਸ਼ੀ, ਜਸ਼ਨ। ਇਹ ਆਧੁਨਿਕ ਜਸ਼ਨ ਹੁਣ ਪਿੰਡ ਦੀਆਂ ਬਰੂਹਾਂ ਤੱਕ ਜਾ ਪਹੁੰਚਿਆ ਤੇ ਪਿੰਡ ਸੱਭਿਆਚਾਰ ਨੂੰ ਨਿਗਲੀ ਜਾਂਦਾ ਹੈ। ਰੀਤਾਂ ਰਸਮਾਂ ਦਾ ਹੋ ਰਿਹਾ ਸ਼ਹਿਰੀਕਰਨ ਸਾਡੇ ਚਾਵਾਂ ਮਲਾਰਾਂ ਦੀ ਰੰਗਤ ਨੂੰ ਫਿੱਕਾ ਕਰੀ ਜਾਂਦਾ ਹੈ। ਪਿੰਡ ਦੀ ਮਿੱਟੀ 'ਤੇ ਜਦੋਂ ਵਿਆਹ ਹੁੰਦਾ ਸੀ ਤਾਂ ਉਸ ਦੇ ਰੰਗ ਰੂਪ ਵਿੱਚ ਮਹਿਕ ਸੀ। ਜਿਵੇਂ ਹੀ ਇਹ ਪਵਿੱਤਰ ਰਸਮ ਸ਼ਹਿਰ ਦੇ ਮੈਰਿਜ ਪੈਲੇਸ ਵਿੱਚ ਦਾਖਲ ਹੋਈ, ਮੰਨੋ ਸਾਡੇ ਹੁਸੀਨ ਲਮਹੇ ਗੁਆਚ ਗਏ। ਸਾਰਾ ਕੁਝ ਮਸਨੂਈ ਹੋ ਗਿਆ। ਸ਼ਹਿਰ ਨੇ ਸਾਡੇ ਨਿੱਘੇ ਮੁਹੱਬਤੀ ਪੇਂਡੂ ਜਸ਼ਨ 'ਤੇ ਆਪਣਾ ਮਲੰਮਾ ਚਾੜ੍ਹ ਕੇ ਸਾਡੀ ਅਮੀਰ ਵਿਰਾਸਤ ਨੂੰ ਨਸ਼ਟ ਕਰ ਦਿੱਤਾ। ਇਥੇ ਰੌਲਾ ਸ਼ੋਰ ਦਾ ਨਹੀਂ ਸਖਤ ਅਲਫਾਜ਼ਾਂ, ਪਿਸਤੌਲਾਂ, ਡੌਲਿਆਂ ਦਾ ਵੀ ਨਹੀਂ। ਮਸਲਾ ਕਿਸੇ ਗੁਪਤ ਗੈਬੀ ਵਿਰੋਧ ਦਾ ਹੈ। ਵਿਰਸੇ ਨੂੰ ਜੇ ਸਲਾਮਤ ਰੱਖਣਾ ਹੈ ਤਾਂ ਆਪਾਂ ਨੂੰ ਇਕ ਦਿਨ ਪਰਤਣਾ ਪਊ। ਆਪਾਂ ਨੂੰ ਆਪਣਾ ਗੁਆਚਿਆ ਪਿੰਡ ਤਲਾਸ਼ਣਾ ਪਊ। ਮੁੜ ਪਿੰਡ ਦੀ ਮਿੱਟੀ ਨੂੰ ਪਛਾਣਨਾ ਪਏਗਾ ਅਤੇ ਆਪਣੇ ਪੁਰਖਿਆਂ ਦੀ ਭੋਂਇ ਨੂੰ ਸਜਦਾ ਕਰਨਾ ਪਏਗਾ।

## ਮਾਤ-ਭਾਸ਼ਾ ਤੋਂ ਬਿਨਾਂ ਮੌਲਿਕ ਵਿਚਾਰਾਂ ਦੀ ਸਿਰਜਣਾ ਸੰਭਵ ਨਹੀਂ

-ਪ੍ਰਿੰ. ਦੇਸ ਰਾਜ ਸ਼ਰਮਾ

ਜਨਮ ਲੈਣ ਪਿੱਛੋਂ ਮਨੁੱਖ ਜੋ ਪਹਿਲੀ ਭਾਸ਼ਾ ਸਿੱਖਦਾ ਹੈ, ਉਸ ਨੂੰ ਉਸ ਦੀ ਮਾਤ-ਭਾਸ਼ਾ ਜਾਂ ਮਾਂ-ਬੋਲੀ ਕਹਿੰਦੇ ਹਨ। ਮਾਤਰ-ਭਾਸ਼ਾ ਕਿਸੇ ਵਿਅਕਤੀ ਦੀ ਸਮਾਜਕ ਤੇ ਭਾਸ਼ਾਈ ਪਛਾਣ ਹੁੰਦੀ ਹੈ ਤੇ ਇਹ ਸਾਨੂੰ ਰਾਸ਼ਟਰੀਅਤਾ ਨਾਲ ਜੋੜਦੀ ਹੈ, ਦੇਸ਼ ਪ੍ਰੇਮ ਦੀ ਭਾਵਨਾ ਪੈਦਾ ਕਰਦੀ ਹੈ। ਸੱਚ ਇਹ ਹੈ ਕਿ ਮਾਤਰ-ਭਾਸ਼ਾ ਆਤਮਾ ਦੀ ਆਵਾਜ਼ ਹੈ, ਇਸ ਲਈ ਮਹਾਤਮਾ ਗਾਂਧੀ ਦੇਸ਼ ਦੀ ਏਕਤਾ ਲਈ ਇਹ ਗੱਲ ਜ਼ਰੂਰੀ ਸਮਝਦੇ ਸਨ ਕਿ ਅੰਗਰੇਜ਼ੀ ਦਾ ਪ੍ਰਭਾਵ ਛੇਤੀ ਖਤਮ ਹੋਣਾ ਚਾਹੀਦਾ ਹੈ।

ਭਾਸ਼ਾ ਪ੍ਰਗਟਾਵੇ ਲਈ ਜ਼ਰੂਰੀ ਹੈ, ਇਸ ਲਈ ਕਿਸੇ ਵਿਦੇਸ਼ੀ ਭਾਸ਼ਾ ਨੂੰ ਜਾਨਣ ਦਾ ਵਿਰੋਧ ਨਹੀਂ ਹੋਣਾ ਚਾਹੀਦਾ, ਪਰ ਆਪਣੀ ਭਾਸ਼ਾ 'ਤੇ ਮਾਣ ਕਰਨਾ ਵੀ ਜ਼ਰੂਰੀ ਹੈ, ਕਿਉਂਕਿ ਮਾਤਰ-ਭਾਸ਼ਾ ਸ਼ਖਸੀਅਤ ਦੇ ਨਿਰਮਾਣ ਦਾ ਮਜ਼ਬੂਤ ਸਾਧਨ ਹੈ। ਬੱਚੇ ਦਾ ਮਾਨਸਿਕ ਵਿਕਾਸ ਉਨ੍ਹਾਂ ਵਿਚਾਰਾਂ 'ਤੇ ਨਿਰਭਰ ਕਰਦਾ ਹੈ, ਜੋ ਉਸ ਨੂੰ ਪਰਵਾਰ ਅਤੇ ਸਿਖਿਆ ਅਦਾਰੇ ਤੋਂ ਮਿਲਦੇ ਹਨ। ਮਾਤਰ-ਭਾਸ਼ਾ ਉਹ ਪਹਿਲਾ ਆਧਾਰ ਹੈ, ਜਿਸ ਵਿੱਚ ਬੱਚੇ ਦੁਨੀਆ ਵਿੱਚ ਸਭ ਤੋਂ ਪਹਿਲਾਂ ਅੰਤਰ ਕਿਰਿਆ ਦੀ ਸ਼ੁਰੂਆਤ ਕਰਦੇ ਹਨ। ਜੀਵਨ ਦੇ ਮੁਢਲੇ ਸਾਲਾਂ ਵਿੱਚ ਦੁਨੀਆ ਦੀਆਂ ਸਾਰੀਆਂ ਚੀਜ਼ਾਂ, ਕਿਰਿਆਵਾਂ ਤੇ ਘਟਨਾਵਾਂ ਨੂੰ ਸਮਝਣ ਦਾ ਆਧਾਰ ਮਾਤਰ-ਭਾਸ਼ਾ ਹੀ ਹੈ, ਭਾਵ ਉਹ ਭਾਸ਼ਾ, ਜਿਹੜੀ ਪਰਵਾਰ ਵਿੱਚ ਬੋਲੀ ਜਾਂਦੀ ਹੈ।

ਬੱਚਾ ਜਦੋਂ ਸਕੂਲ ਵਿੱਚ ਸਿਖਿਆ ਹਾਸਲ ਕਰਨ ਜਾਵੇ ਤਾਂ ਉਸ ਨੂੰ ਉਸੇ ਭਾਸ਼ਾ ਵਿੱਚ ਸਿਖਿਆ ਦੇਣੀ ਚਾਹੀਦੀ ਹੈ, ਜੋ ਉਸ ਦੇ ਪਰਵਾਰ ਦੀ ਭਾਸ਼ਾ ਹੋਵੇ। ਜੇ ਉਸ ਨੂੰ ਪਰਵਾਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਸਿਖਿਆ ਨਹੀਂ ਦਿੱਤੀ ਜਾਵੇਗੀ ਤਾਂ ਬੱਚਾ ਭਰਮ-ਭੁਲੇਖਿਆਂ ਵਿੱਚ ਪੈ ਜਾਵੇਗਾ। ਜਦੋਂ ਬੱਚੇ ਨੂੰ ਪਰਵਾਰ ਅਤੇ ਸਕੂਲ ਦੀ ਭਾਸ਼ਾ ਵਿੱਚ ਫਰਕ ਨਜ਼ਰ ਆਉਂਦਾ ਹੋਵੇ ਤਾਂ ਉਹ ਫਰਕ ਧਾਰਨਾਵਾਂ, ਵਿਚਾਰਾਂ ਨੂੰ ਸਮਝਣ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਜਾਂਦਾ ਹੈ।

ਭਾਰਤੀ ਸੰਵਿਧਾਨ ਵਿੱਚ ਸਿਖਿਆ ਕੇਂਦਰ ਅਤੇ ਰਾਜਾਂ ਦੀ ਸੂਚੀ ਦਾ ਵਿਸ਼ਾ ਹੈ। ਸੰਵਿਧਾਨ ਦੀ ਧਾਰਾ 345 ਵਿੱਚ ਦਰਜ ਹੈ ਕਿ ਦੇਸ਼ ਦੇ ਸਾਰੇ ਸਰਕਾਰੀ ਕੰਮਾਂ ਲਈ ਹਿੰਦੀ ਜਾਂ ਸੂਬਾਈ ਭਾਸ਼ਾਵਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਸੰਵਿਧਾਨ ਦੀ 8ਵੀਂ ਸੂਚੀ ਵਿੱਚ ਅੰਗਰੇਜ਼ੀ ਨੂੰ ਕਿਤੇ ਵੀ ਜਗ੍ਹਾ ਨਹੀਂ ਦਿੱਤੀ ਗਈ, ਫਿਰ ਵੀ ਦਫਤਰਾਂ ਵਿੱਚ ਅੰਗਰੇਜ਼ੀ ਵਿੱਚ ਸਾਰਾ ਕੰਮ-ਕਾਜ ਹੁੰਦਾ ਹੈ। ਕਈ ਸਕੂਲਾਂ ਵਿੱਚ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਹੈ। ਅੰਗਰੇਜ਼ੀ ਦੀ ਇੱਛਾ ਵਿੱਚ ਅਸੀਂ ਕਿਤੇ ਆਪਣੀਆਂ ਮਾਤਰ-ਭਾਸ਼ਾਵਾਂ ਨੂੰ ਖਤਮ ਤਾਂ ਨਹੀਂ ਕਰ ਰਹੇ? ਸੰਵਿਧਾਨ ਦੀ ਧਾਰਾ 246 ਅਨੁਸਾਰ ਕੇਂਦਰ ਐ ਸੂਬਾਈ ਸਰਕਾਰਾਂ ਦਾ ਫਰਜ਼ ਹੈ ਕਿ ਸਮੁੱਚੀ ਸਿਖਿਆ ਦੇ ਉਦੇਸ਼ਾਂ, ਪੈਮਾਨਿਆਂ ਬਾਰੇ ਸਪੱਸ਼ਟ ਨੀਤੀ ਬਣਾਈ ਜਾਵੇ, ਪਰ ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਇਹ ਦਿਖਾਈ ਨਹੀਂ ਦਿੰਦਾ। ਸ਼ਾਇਦ ਇਹ ਵੱਡਾ ਕਾਰਨ ਹੋਵੇ ਕਿ ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਜ਼ਿਆਦਾਤਰ ਨੌਜਵਾਨਾਂ ਵਿੱਚ ਰਚਨਾਤਮਕ ਤੇ ਸਿਰਜਣਾਤਮਕ ਵਿਚਾਰਾਂ ਦੀ ਘਾਟ ਨਜ਼ਰ ਆਉਂਦੀ ਹੈ।

ਸਾਡੇ ਸੰਵਿਧਾਨ-ਘਾੜਿਆਂ ਦੀ ਇੱਛਾ ਸੀ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦਾ ਸ਼ਾਸਨ ਆਪਣੀਆਂ ਭਾਸ਼ਾਵਾਂ ਵਿੱਚ ਚੱਲੇ ਤੇ ਸਮਾਜ ਵਿੱਚ ਇੱਕ ਤਾਲਮੇਲ ਕਾਇਮ ਹੋਵੇ, ਸਾਰਿਆਂ ਦੀ ਇੱਕੋ ਜਿਹੀ ਤਰੱਕੀ ਹੋਵੇ।

ਮਾਤਰ-ਭਾਸ਼ਾ ਸਿੱਖਣ, ਸਮਝਣ ਅਤੇ ਗਿਆਨ ਦੀ ਪ੍ਰਾਪਤੀ ਲਈ ਸਰਲ, ਸਹਿਜ ਭਾਸ਼ਾ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਰਗੀ ਅਬਦੁਲ ਕਲਾਮ ਦਾ ਮੰਨਣਾ ਸੀ ਕਿ 'ਮੈਂ ਵਿਗਿਆਨੀ ਇਸ ਲਈ ਬਣ ਸਕਿਆ ਕਿਉਂਕਿ ਮੁੱਢਲੀ ਸਿਖਿਆ ਮੈਂ ਮਾਤਰ-ਭਾਸ਼ਾ ਵਿੱਚ ਹਾਸਲ ਕੀਤੀ ਤੇ ਗਣਿਤ, ਵਿਗਿਆਨ ਦੀ ਸਿਖਿਆ ਵੀ ਮਾਤਰ-ਭਾਸ਼ਾ ਵਿੱਚ ਹੀ ਹਾਸਲ ਕੀਤੀ।' ਮਹਾਤਮਾ ਗਾਂਧੀ ਵੀ ਵਿਦੇਸ਼ੀ ਭਾਸ਼ਾ ਵਿੱਚ ਸਿਖਿਆ ਦੇ ਮਾਧਿਅਮ ਨੂੰ ਬੱਚਿਆਂ 'ਤੇ ਬੋਝ ਮੰਨਦੇ ਸਨ ਤੇ ਕਹਿੰਦੇ ਸਨ ਕਿ ਜੇ ਮਾਤਰ-ਭਾਸ਼ਾ ਸਿਖਿਆ ਦਾ ਮਾਧਿਅਮ ਨਾ ਹੋਈ ਤਾਂ ਬੱਚੇ ਰੱਟਾ ਲਾਉਣ ਲਈ ਮਜਬੂਰ ਹੋ ਜਾਣਗੇ, ਜਿਸ ਨਾਲ ਉਨ੍ਹਾਂ ਦੀ ਸਿਰਜਣ ਸ਼ਕਤੀ ਖਤਮ ਹੋ ਜਾਵੇਗੀ। ਦੁਨੀਆ ਦੇ ਖੁਸ਼ਹਾਲ ਦੇਸ਼ਾਂ, ਅਮਰੀਕਾ, ਰੂਸ ਜਾਪਾਨ, ਕੋਰੀਆ, ਇੰਗਲੈਂਡ, ਫਰਾਂਸ, ਜਰਮਨੀ, ਸਪੇਨ ਤੇ ਇਸਰਾਈਲ ਵਿੱਚ ਸ਼ਾਸਨ ਤੇ ਸਿਖਿਆ ਦੀ ਭਾਸ਼ਾ ਉਥੋਂ ਦੀ ਮਾਤਰ-ਭਾਸ਼ਾ ਹੀ ਹੈ।

ਇਸਰਾਈਲ ਦੇ 16 ਵਿਦਵਾਨਾਂ ਨੇ ਨੋਬਲ ਪੁਰਸਕਾਰ ਆਪਣਾ ਮਾਤਰ-ਭਾਸ਼ਾ 'ਹਿਬਰੂ' ਵਿੱਚ ਹਾਸਲ ਕੀਤੇ ਹਨ। ਮਾਈਕਰੋਸਾਫਟ ਦੇ ਸੇਵਾ-ਮੁਕਤ ਸੀਨੀਅਰ ਵਿਗਿਆਨੀ ਡਾਕਟਰ ਸੰਕ੍ਰਾਂਤ ਸਾਨੂ ਨੇ ਆਪਣੀ ਕਿਤਾਬ 'ਅੰਗਰੇਜ਼ੀ ਮਾਧਿਅਮ ਦਾ ਭਰਮ ਜਾਲ' ਵਿੱਚ ਦਿੱਤੇ ਤੱਥਾਂ ਦੇ ਆਧਾਰ 'ਤੇ ਦੱਸਿਆ ਹੈ ਕਿ ਦੁਨੀਆ ਵਿੱਚ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿੱਚ ਪਹਿਲੀ ਕਤਾਰ ਦੇ 20 ਦੇਸ਼ ਸਾਰਾ ਕੰਮ ਆਪਣੀ ਮਾਤਰ-ਭਾਸ਼ਾ ਵਿੱਚ ਕਰਦੇ ਹਨ ਤੇ ਇਨ੍ਹਾਂ 'ਚੋਂ ਚਾਰ ਦੇਸ਼ ਅਜਿਹੇ ਹਨ, ਜਿਨ੍ਹਾਂ ਦੀ ਆਪਣੀ ਮਾਤਰ-ਭਾਸ਼ਾ ਅੰਗਰੇਜ਼ੀ ਹੈ।

ਬੱਚਿਆਂ ਦੇ ਮਾਨਸਿਕ ਵਿਕਾਸ ਲਈ ਮਾਤਰ-ਭਾਸ਼ਾ ਓਨੀ ਹੀ ਜ਼ਰੂਰੀ ਹੈ, ਜਿੰਨਾ ਉਨ੍ਹਾਂ ਦੇ ਸਰੀਰਕ ਵਿਕਾਸ ਲਈ ਮਾਂ ਦਾ ਦੁੱਧ ਜ਼ਰੂਰੀ ਮੰਨਿਆ ਜਾਂਦਾ ਹੈ। ਫਰਾਂਸੀਸੀ, ਜਾਪਾਨੀ ਅਤੇ ਜਰਮਨੀ ਬੋਲਣ ਵਾਲਿਆਂ ਦੀ ਗਿਣਤੀ ਦੋ ਫੀਸਦੀ ਤੋਂ ਵੀ ਘੱਟ ਹੋਣ ਉਤੇ ਉਹ ਦੁਨੀਆ ਵਿੱਚ ਸਭ ਤੋਂ ਵੱਕਾਰੀ ਮੰਨੇ ਜਾਂਦੇ ਹਨ, ਇਸ ਲਈ ਮਾਤਰ-ਭਾਸ਼ਾ ਦੀ ਅਣਦੇਖੀ ਸਾਨੂੰ ਕਿਸੇ ਪਾਸੇ ਜੋਗਾ ਨਹੀਂ ਛੱਡੇਗੀ। ਭਾਸ਼ਾ ਬਦਲਣ ਨਾਲ ਜੀਵਨ ਦੀਆਂ ਕਦਰਾਂ-ਕੀਮਤਾਂ ਬਦਲ ਜਾਂਦੀਆਂ ਹਨ ਤੇ ਸਭਿਅਤਾ, ਸੰਸਕਾਰਾਂ ਦਾ ਪਤਨ ਹੋ ਜਾਂਦਾ ਹੈ। ਭਾਰਤ ਵਿੱਚ ਅਸੀਂ ਸਵੈਮਾਣ, ਸਵਦੇਸ਼ ਏਕਤਾ, ਅਖੰਡਤਾ, ਸਭਿਆਚਾਰਕ ਵਿਰਾ-ਸਤ ਅਤੇ ਲੁਕੇ ਗਿਆਨ ਨੂੰ ਸਮਝ ਕੇ ਦੇਸ਼ ਦੀ ਤਰੱਕੀ ਆਪਣੀ ਪ੍ਰਕਿਰਤੀ ਮੁਤਾਬਕ ਕਰਨਾ ਚਾਹੁੰਦੇ ਹਾਂ ਤਾਂ ਮਾਤਰ-ਭਾਸ਼ਾ ਨੂੰ ਤਰਜੀਹ ਦੇਣੀ ਹੀ ਪਵੇਗੀ। ਸਰਕਾਰ ਤੇ ਸਮਾਜ ਨੂੰ ਇਸ ਗੱਲ ਨੂੰ ਸਮਝਣ ਲਈ ਕੰਮ ਕਰਨ ਦੀ ਲੋੜ ਹੈ।

ਮਾਤਰ-ਭਾਸ਼ਾ ਦੇ ਸਵੈਮਾਣ ਲਈ ਅਸੀਂ ਇਸ ਦੀ ਸ਼ੁਰੂਆਤ ਭਾਰਤ ਨੂੰ 'ਇੰਡੀਆ' ਨਹੀਂ, ਭਾਰਤ ਕਹਿਣ-ਲਿਖਣ ਆਪਣੇ ਦਸਤਖਤ ਮਾਤਰ-ਭਾਸ਼ਾ ਵਿੱਚ ਕਰਨ, ਨਾਂਅ ਵਾਲੀ ਤਖਤੀ ਤੇ ਸੱਦਾ-ਪੱਤਰ ਆਪਣੀ ਹੀ ਭਾਸ਼ਾ ਵਿੱਚ ਬਣਵਾਉਣ ਨਾਲ ਕਰ ਸਕਦੇ ਹਾਂ। ਇਸ ਛੋਟੀ ਜਿਹੀ ਸ਼ੁਰੂਆਤ ਨਾਲ ਅਸੀਂ ਦੇਸ਼ ਵਿੱਚ ਭਾਵਨਾਤਮਕ ਅਤੇ ਸਭਿਆਚਾਰਕ ਏਕਤਾ ਕਾਇਮ ਕਰ ਸਕਾਂਗੇ। ਭਾਰਤੀ ਸੰਵਿਧਾਨ ਵਿੱਚ ਦਰਜ ਸਾਰੀਆਂ 22 ਭਾਸ਼ਾਵਾਂ ਸਾਡੀਆਂ ਭਾਸ਼ਾਵਾਂ ਹਨ। ਦੇਸ਼ ਨੂੰ ਉਡੀਕ ਹੈ ਕਿ ਇਨ੍ਹਾਂ ਭਾਸ਼ਾਵਾਂ ਦੇ ਸਨਮਾਨ ਤੇ ਪ੍ਰਤਿਭਾਵਾਂ ਨੂੰ ਉਭਾਰਨ ਲਈ ਮੋਦੀ ਸਰਕਾਰ ਨਵੀਂ ਸਿਖਿਆ ਨੀਤੀ ਵਿੱਚ ਮਾਤਰ-ਭਾਸ਼ਾ ਨੂੰ ਅਹਿਮੀਅਤ ਹੋਵੇਗੀ।

ਮਾਤਰ-ਭਾਸ਼ਾ ਦੀ ਮਹੱਤਤਾ ਨੂੰ ਸਮਝਦਿਆਂ ਯੂਨੈਸਕੋ ਨੇ 17 ਨਵੰਬਰ 1999 ਨੂੰ ਕੌਮਾਤਰੀ ਮਾਤਰ-ਭਾਸ਼ਾ ਦਿਵਸ ਮਨਾਉਣੇ ਦੀ ਖੁੱਲ੍ਹ ਦਿੱਤੀ ਸੀ। ਦੁਨੀਆ ਭਰ ਵਿੱਚ ਭਾਸ਼ਾਈ ਤੇ ਸਭਿਆਚਾਰਕ ਵੰਨ-ਸੁਵੰਨਤਾ ਤੇ ਇੱਕ ਤੋਂ ਵੱਧ ਭਾਸ਼ਾਵਾਂ ਨੂੰ ਹੱਲਾਸ਼ੇਰੀ ਦੇਣ ਲਈ ਕੌਮਾਂਤਰੀ ਮਾਤਰ-ਭਾਸ਼ਾ ਦਿਵਸ ਭਾਰਤ ਵਿੱਚ ਹਰ ਸਾਲ 21 ਫਰਵਰੀ ਨੂੰ ਮਨਾਇਆ ਜਾਂਦਾ ਹੈ।

## ਇੱਕ ਬਾਤ ਕਰਤਾਰੋ ਪਾਵੇ..

-ਸੁਖਦੇਵ ਮਾਦਪੁਰੀ



ਕਿਸੇ ਸਥੂਲ ਜਾਂ ਅਸਥੂਲ ਵਸਤੂ ਦੇ ਸਮੁੱਚੇ ਆਕਾਰ, ਕਿਰਦਾਰ, ਵਿਹਾਰ ਤੇ ਸੁਭਾਅ ਨੂੰ ਸਰਲ ਅਤੇ ਸਾਦੇ ਸ਼ਬਦਾਂ ਵਿੱਚ ਉਲੀਕੇ ਸ਼ਬਦ ਚਿੱਤਰ ਨੂੰ ਬੁਝਾਰਤ ਆਖਦੇ ਹਨ। ਬੁਝਾਰਤ ਵਿੱਚ ਵਸਤੂ ਦਾ ਨਾਂ ਲੁਪਤ ਹੁੰਦਾ ਹੈ। ਲੁਪਤ ਵਸਤੂ ਨੂੰ ਬੁੱਝਣਾ ਹੀ ਬੁੱਝਣ ਵਾਲੇ ਦੀ ਬੁੱਧੀ ਪ੍ਰੀਖਿਆ ਦੀ ਕਸੌਟੀ ਹੈ। ਪੰਜਾਬੀ ਵਿੱਚ ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ, ਬਤੌਲੀ, ਬੁੱਝਕਾ, ਮੁੰਦਾਵਣੀ ਤੇ ਪਹੇਲੀ ਵੀ ਕਹਿੰਦੇ ਹਨ। ਪੰਜਾਬ ਖੇਤੀ ਪ੍ਰਧਾਨ ਰਾਜ ਹੋਣ ਕਰ ਕੇ ਪੰਜਾਬੀ ਲੋਕ ਸਾਹਿਤ ਅਸਲ ਵਿੱਚ ਕਿਸਾਨੀ ਲੋਕ ਸਾਹਿਤ ਹੀ ਹੈ। ਬੁਝਰਾਤਾਂ ਲੋਕ ਸਾਹਿਤ ਦਾ ਅਨਿੱਖੜਵਾਂ ਅੰਗ ਹਨ। ਪੁਰਾਤਨ ਸਮੇਂ ਤੋਂ ਹੀ ਕਿਸਾਨਾਂ ਵਿੱਚ ਆਥਣ ਸਮੇਂ ਰੋਟੀ-ਟੁੱਕ ਦੇ ਆਹਰ ਮਗਰੋਂ ਬਾਤਾਂ ਪਾਉਣ ਅਤੇ ਬਾਤਾਂ ਬੁੱਝਣ ਦੀ ਪਰੰਪਰਾ ਰਹੀ ਹੈ, ਜਿਸ ਸਦਕਾ ਪਰਵਾਰ ਦੇ ਸਾਰੇ ਮੈਂਬਰ ਕਿਸਾਨੀ ਜੀਵਨ ਤੇ ਖੇਤੀ ਦੇ ਮੁੱਢਲੇ ਕਿੱਤੇ ਨਾਲ ਜੁੜ ਜਾਂਦੇ ਹਨ।

ਜਦੋਂ ਬੁਝਾਰਤਾਂ ਪਾਉਣ ਦਾ ਅਖਾੜਾ ਜੰਮਦਾ ਹੈ ਤਾਂ ਕਿਸਾਨ ਦਾ ਪਰਵਾਰ ਸਮੁੱਚੇ ਰੂਪ ਵਿੱਚ ਜੁੜ ਕੇ ਬੈਠ ਜਾਂਦਾ ਹੈ। ਉਹ ਆਪਣੀਆਂ ਫ਼ਸਲਾਂ, ਪਸ਼ੂਆਂ ਅਤੇ ਖੇਤੀ ਦੇ ਸੰਦਾਂ ਨੂੰ ਵਧੇਰੇ ਕਰਕੇ ਬੁਝਾਰਤਾਂ ਦਾ ਵਿਸ਼ਾ ਬਣਾਉਂਦੇ। ਦਿਨੇ ਕਪਾਹ ਚੁਗ ਕੇ ਥੱਕੀਆਂ ਹੋਈਆਂ ਸੁਆਣੀਆਂ ਰਾਤੀਂ ਇਸ ਬਾਰੇ ਬੁਝਾਰਤਾਂ ਪਾ ਕੇ ਆਪਣੇ ਥਕੇਵਾਂ ਲਾਹੁੰਦੀਆਂ:

ਮਾਂ ਜੰਮੀ ਪਹਿਲਾਂ, ਬਾਪੂ ਜੰਮਿਆ ਪਿੱਛੋਂ
ਬਾਪੂ ਨੇ ਅੱਖ ਮਟਕਾਈ
ਵਿੱਚੋਂ ਦਾਦੀ ਨਿਕਲ ਆਈ।

ਉਪਰੋਕਤ ਬੁਝਾਰਤ ਸੁਣ ਕੇ ਚਾਰੇ ਬੰਨੇ ਹਾਸਾ ਛਣਕ ਪੈਂਦਾ। ਕੋਈ ਸੂਝਵਾਨ ਸਰੋਤਾ ਹੀ ਵਡੇਵੇਂ ਦੇ ਬੀਜਣ ਤੋਂ ਲੈ ਕੇ ਕਪਾਹ ਖਿੜਨ ਤੀਕਰ ਦੀ ਕਹਾਣੀ ਦੱਸ ਕੇ ਉਤਰ ਦਿੰਦਾ। ਬੁਝਾਰਤ ਅੱਗੇ ਤੁਰਦੀ ਹੈ:

ਬੀਜੇ ਰੋੜ, ਜੰਮੇ ਝਾੜ,
ਲੱਗੇ ਨਿੰਬੂ, ਖਿੜੇ ਅਨਾਰ

ਕਪਾਹ ਦਾ ਵਰਣਨ ਸੁਣ ਕੇ ਕਿਸੇ ਚੋਗੀ ਦੀਆਂ ਅੱਖਾਂ ਅੱਗੇ ਖਿੜੀ ਹੋਈ ਕਪਾਹ ਦੇ ਖੇਤ ਦਾ ਨਜ਼ਾਰਾ ਅਤੇ ਚੁਗੇ ਜਾਣ ਮਗਰੋਂ ਖੇਤ ਦੀ ਤਰਸ ਯੋਗ ਹਾਲਤ ਆ ਲਟਕਦੀ ਹੈ:

ਆੜ ਭਮਾੜ ਮੇਰੀ ਮਾਸੀ ਵਸਦੀ
ਜਦ ਮੈਂ ਜਾਵਾਂ ਖਿੜ-ਖਿੜ ਹੱਸਦੀ
ਜਦ ਮੈਂ ਆਵਾਂ ਰੋ-ਰੋ ਮਰਦੀ

ਜਿੱਥੇ ਕਪਾਹ ਦਾ ਜ਼ਿਕਰ ਆਉਂਦਾ ਹੈ, ਉਥੇ ਕਪਾਹ ਦੇ ਜਨਮ ਦਾਤੇ ਵੜੇਵੇਂ ਦੀ ਦੁਰਦਸ਼ਾ ਹਾਸਾ ਉਪਜਾਉਣ ਵਿੱਚ ਕੋਈ ਕਸਰ ਨਹੀਂ ਛੱਡਦੀ:

ਤਖਾਣੀਂ ਲੁਹਾਰੀਂ ਸੰਦ ਮਿਲੇ,
ਮਿਲੇ ਜੱਫੀਆਂ ਪਾ ਕੇ
ਖੋਹ ਦਾੜ੍ਹੀ, ਪੱਟ ਮੁੱਛਾਂ,
ਛੱਡ ਨੰਗ ਬਣਾ ਕੇ

ਕਿਸੇ ਬੁੱਝਣ ਵਾਲੇ ਦੀਆਂ ਅੱਖਾਂ ਅੱਗੇ ਮੱਕੀ ਦੇ ਲਹਿਰਾਉਂਦੇ ਖੇਤਾਂ ਦਾ ਨਜ਼ਾਰਾ ਵਿਖਾਈ ਦੇ ਜਾਂਦਾ ਹੈ। ਛੱਲੀ ਬਾਰੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ।

ਹਰੀ ਸੀ ਮਨ ਭਰੀ ਸੀ,
ਲਾਲ ਮੋਤੀਆਂ ਜੜੀ ਸੀ
ਬਾਬਾ ਜੀ ਦੇ ਖੇਤ ਵਿੱਚ
ਦੁਸ਼ਾਲਾ ਲਈ ਖੜ੍ਹੀ ਸੀ

ਮੱਕੀ ਦਾ ਨਾਂ ਸੁਣ ਕੇ ਕਿਸੇ ਨੂੰ ਕਣਕ ਦਾ ਦਾਣਾ ਯਾਦ ਆ ਜਾਂਦਾ ਹੈ।

ਇੱਕ ਕੁੜੀ ਦੇ ਢਿੱਡ 'ਚ ਤੇੜ

ਛੋਲਿਆਂ ਦੇ ਬੂਟੇ ਨੂੰ ਭਲਾ ਕੌਣ ਭੁੱਲ ਸਕਦਾ ਹੈ।

ਅੰਬ ਦੀ ਜੜ ਵਿੱਚ ਨਿੰਬੂ ਜੰਮਿਆ,
ਪੱਤੋ ਪੱਤ ਖਟਿਆਈ
ਬਹੂ ਆਈ ਤੇ ਸਹੁਰਾ ਜੰਮਿਆ
ਪੋਤੇ ਦੇਣ ਵਧਾਈ

ਗੰਨਿਆਂ ਦੀ ਸ਼ੌਕੀਨ ਆਪਣੀ ਮਨ ਪਸੰਦ ਬਾਰੇ ਬੁਝਾਰਤ ਪਾ ਦਿੰਦੀ ਹੈ।

ਇੱਕ ਬਾਤ ਕਰਤਾਰੋ ਪਾਵੇ
ਸੁਣ ਵੇ ਭਾਈ ਹਕੀਮਾਂ
ਲੱਕੜੀਆਂ 'ਚੋਂ ਪਾਣੀ ਕੱਢਾਂ
ਚੁੱਕ ਬਣਾਵਾਂ ਢੀਮਾਂ

ਮਿੱਠੇ ਗੰਨੇ ਨਾਲ ਕੌੜੀ ਮਿਰਚ ਨੂੰ ਵੀ ਲੋਕ ਅਖਾੜੇ ਵਿੱਚ ਲਿਆ ਖੜ੍ਹਾ ਕਰਦੇ ਹਨ।

ਹਰੀ ਹਰੀ, ਲਾਲ ਲਾਲ
ਮੀਆਂ ਕਰੇ ਹਾਲ-ਹਾਲ

ਬਤਾਊਂ ਵੀ ਤਾਂ ਮਿਰਚਾਂ ਦੇ ਸਾਥੀ ਹੀ ਹਨ:

ਕਾਲਾ ਸੀ ਕਲੱਤਰ ਸੀ
ਕਾਲੇ ਪਿਉ ਦਾ ਪੁੱਤਰ ਸੀ
ਬਾਹਰੋਂ ਆਏ ਦੋ ਮਲੰਗ
ਹਰੀਆਂ ਟੋਪੀਆਂ, ਨੀਲੇ ਰੰਗ

ਗਾਜਰਾਂ ਮੂਲੀਆਂ ਬਾਰੇ ਵੀ ਬਾਤਾਂ ਪਾਈਆਂ ਜਾਂਦੀਆਂ ਹਨ:

ਵੇਖੋ ਯਾਰੋ ਰੰਨ ਦੀ ਅੜੀ
ਸਿਰ ਮੁਨਾ ਕੇ ਚੌਕੇ ਚੜ੍ਹੀ

ਖ਼ਰਬੂਜਿਆਂ ਦੇ ਸ਼ੌਕੀਨ ਨੂੰ ਉਹ ਵਿਅਕਤੀ ਚੰਗਾ ਨਹੀਂ ਲੱਗਦਾ ਜਿਹੜਾ ਖ਼ਰਬੂਜਿਆਂ ਬਾਰੇ ਗਿਆਨ ਨਾ ਰੱਖਦਾ ਹੋਵੇ:

ਗੋਲ ਮੋਲ ਝੱਕਰੀ, ਪੀਲਾ ਰੰਗ
ਜਿਹੜਾ ਮੇਰੀ ਬਾਤ ਨ੍ਹੀਂ ਬੁੱਝੂ
ਉਹਦਾ ਪਿਓ ਨੰਗ

ਮੂੰਗਫਲੀ ਦੀ ਗੱਠੀ ਦੀ ਗਿਰੀ ਕਿਸੇ ਨੂੰ ਗੁਲਾਬੋ ਜੱਟੀ ਦਾ ਭੁਲੇਖਾ ਪਾ ਜਾਂਦੀ ਹੈ:

ਨਿੱਕੀ ਜੇਹੀ ਹੱਟੀ
ਵਿੱਚ ਬੈਠੀ ਗੁਲਾਬੋ ਜੱਟੀ

ਕਰੀਰਾਂ ਅਤੇ ਬੇਰੀਆਂ ਦੇ ਦਰੱਖਤਾਂ ਬਾਰੇ ਵੀ ਪਾਲੀ ਬੁਝਾਰਤਾਂ ਸਿਰਜ ਲੈਂਦੇ ਹਨ:

ਹਰਾ ਫੁੱਲ ਮੁੱਖ ਕੇਸਰੀ
ਬਿਨਾਂ ਪੱਤਾਂ ਦੇ ਛਾਂ
ਰਾਜਾ ਪੁੱਛੇ ਰਾਣੀ ਨੂੰ
ਕੀ ਬ੍ਰਿਛ ਦਾ ਨਾਂ

ਬੇਰੀਆਂ ਨੂੰ ਬੂਰ ਪੈਣ ਸਮੇਂ ਮੋਤੀਆਂ ਦਾ ਭੁਲੇਖਾ ਪੈਂਦਾ ਹੈ, ਪਰ ਹਵਾ ਦਾ ਬੁੱਲਾ ਮੋਤੀ ਝਾੜ ਦਿੰਦਾ ਹੈ:

ਬਾਤ ਪਾਵਾਂ ਬਤੌਲੀ ਪਾਵਾਂ,
ਬਾਤ ਨੂੰ ਲਾਵਾਂ ਮੋਤੀ
ਸਾਰੇ ਮੋਤੀ ਝੜ ਗਏ
ਸ਼ਾਖ ਰਹੀ ਖੜ੍ਹੀ ਖੜਤੀ

ਬੇਰੀਆਂ ਨੂੰ ਲਾਲ ਸੂਹੇ ਬੇਰ ਲੱਗਣ 'ਤੇ ਸਾਰਾ ਜਹਾਨ ਇੱਟਾਂ ਪੱਥਰ ਲੈ ਕੇ ਇਨ੍ਹਾਂ ਦੇ ਪੇਸ਼ ਪੈ ਜਾਂਦਾ ਹੈ:

ਹਰੀ ਸੀ ਮਨ ਭਰੀ ਸੀ,
ਬਾਵਾ ਜੀ ਦੇ ਖੇਤ ਵਿੱਚ
ਦੁਸ਼ਾਲਾ ਲਈ ਖੜ੍ਹੀ ਸੀ
ਜਦ ਤੋਂ ਪਹਿਨਿਆਂ ਸੂਹਾ ਬਾਣਾ
ਜੱਗ ਨ੍ਹੀਂ ਛੱਡਦਾ ਬੱਚੇ ਖਾਣਾ

ਫ਼ਲਾਂ ਦੇ ਰੁੱਖਾਂ ਵਿੱਚੋਂ ਅੰਬਾਂ ਬਾਰੇ ਬਹੁਤ ਸਾਰੀਆਂ ਬੁਝਾਰਤਾਂ ਪ੍ਰਚੱਲਿਤ ਹਨ:

ਅਸਮਾਨੋਂ ਡਿੱਗਿਆ ਬੱਕਰਾ
ਉਹਦੇ ਮੂੰਹ 'ਚੋਂ ਨਿਕਲੀ ਲਾਲ਼
ਢਿੱਡ ਪਾੜ ਕੇ ਦੇਖਿਆ
ਉਹਦੀ ਛਾਤੀ ਉਤੇ ਬਾਲ਼

ਕੇਲੇ ਬਾਰੇ ਇੱਕ ਬੁਝਾਰਤ ਹੈ:

ਨਿੱਕਾ ਜਿਹਾ ਸਿਪਾਹੀ
ਉਹਦੀ ਖਿੱਚ ਕੇ ਤੰਬੀ ਲਾਹੀ
ਤੈਨੂੰ ਸ਼ਰਮ ਨਾ ਆਈ

ਜਿੱਥੇ ਕੁਦਰਤ ਨੇ ਸੰਗਤਰੇ ਦੀ ਸਿਰ-ਜਣਾ ਕਰਨ ਵਿੱਚ ਆਪਣਾ ਕਮਾਲ ਵਿਖਾਇਆ ਹੈ, ਉਥੇ ਕਿਸੇ ਪੇਂਡੂ ਮਨ ਨੇ ਵੀ ਸੰਗਤਰੇ ਬਾਰੇ ਬੁਝਾਰਤ ਦੀ ਰਚਨਾ ਕਰਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ:

ਇੱਕ ਖੂਹ ਵਿੱਚ ਨੌਂ ਦਸ ਪਰੀਆਂ
ਜਦੋਂ ਤੱਕੋ ਸਿਰ ਜੋੜੀ ਖੜ੍ਹੀਆਂ
ਜਦੋਂ ਖੋਲ੍ਹਿਆ ਖੂਹ ਦਾ ਪਾਟ
ਦਿਲ ਕਰਦੈ ਸਭ ਕਰਜਾਂ ਚਾਟ

ਸਨਅਤੀ ਵਿਕਾਸ ਸਦਕਾ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਬਾਤਾਂ ਪਾਉਣ ਦੀ ਪਰੰਪਰਾ ਵੀ ਖ਼ਤਮ ਹੋ ਗਈ ਹੈ ਜਿਸ ਸਦਕਾ ਸਾਡੀ ਨੌਜਵਾਨ ਪੀੜ੍ਹੀ ਬੁਝਾਰਤਾਂ ਦੀ ਮੁੱਲਵਾਨ ਵਿਰਾਸਤ ਤੋਂ ਮਹਿਰੂਮ ਹੋ ਰਹੀ ਹੈ।

AIRMORE Heating & Air Conditioning Experts
Sales - Service - Installation
Residential / Commercial
ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ
ਪਾਣੀ ਦਾ ਹੀਟਰ, ਹੁਮੀਡੀਫਾਇਰ, ਰੂਫਟਾਪ, ਯੂਨਿਟ ਹੀਟਰ
ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ
Call us 24x7: 647-526-6115



## ਗੁਰਦੁਆਰਾ ਕਰਤਾਰਪੁਰ ਸਾਹਿਬ ਦਰਬਾਰ ਸਾਹਿਬ, ਨਾਰੋਵਾਲ



ਇਹ ਉਹ ਇਤਿਹਾਸਕ ਥਾਂ ਹੈ, ਜਿੱਥੇ ਜਗਤ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ 23 ਅੱਸੂ 10 ਸੁਦੀ ਸੰਮਤ 1596 ਮੁਜਬ 22 ਸਤੰਬਰ 1539 ਨੂੰ ਦੇਹ ਤਿਆਗੀ ਸੀ । ਇਸ ਅਸਥਾਨ ਤੱਕ ਅੱਪੜਨ ਵਾਸਤੇ ਰੇਲਵੇ ਸਟੇਸ਼ਨ ਦਰਬਾਰ ਸਾਹਿਬ ਲਗਦਾ ਹੈ ਜੋ ਲਾਹੌਰ ਨਾਰੋਵਾਲ ਰੇਲਵੇ ਲਾਈਨ ਉੱਤੇ ਹੈ । ਇੱਥੋਂ ਕੋਈ ਚਾਰ ਕਿਲੋਮੀਟਰ ਪੂਰਬ ਵੱਲ ਰਾਵੀ ਦਰਿਆ ਦੇ ਕਿਨਾਰੇ ਇਸ ਪਾਵਨ ਅਸਥਾਨ ਤੱਕ ਪੈਦਲ ਜਾਣਾ ਪੈਂਦਾ ਹੈ ।
ਅਜੋਕੀ ਇਮਾਰਤ ਦੀ ਉਸਾਰੀ ਮਹਾਰਾਜਾ ਭੁਪਿੰਦਰ ਸਿੰਘ, ਮਹਾਰਾਜਾ ਪਟਿਆਲਾ ਦੀ ਦਿੱਤੀ ਇੱਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਦੀ ਰਕਮ ਨਾਲ ਉਸਾਰੀ ਗਈ। ਇਮਾਰਤ ਦੀ ਹੁਣ 1995 ਵਿੱਚ ਪਾਕਿਸਤਾਨ ਸਰਕਾਰ ਵੱਲੋਂ ਇੱਕ ਵਾਰ ਫਿਰ ਲੱਖਾਂ ਰੁਪਏ ਲਾ ਕੇ ਮੁਰੰਮਤ ਕਰਵਾਈ ਗਈ। ਇਮਾਰਤ ਸੁੰਦਰ ਤੇ ਵਿਸ਼ਾਲ ਹੈ । ਜੰਗਲ ਅਤੇ ਰਾਵੀ ਦੇ ਕਿਨਾਰੇ ਹੋਣ ਕਰਕੇ ਸੇਵਾ ਸੰਭਾਲ ਬਹੁਤ ਹੀ ਔਖਾ ਕੰਮ ਹੈ।

# ਰਾਹੁਲ ਗਾਇਬ, ਕਾਂਗਰਸ ਕੋਲ ਨਹੀਂ ਭਾਜਪਾ ਨਾਲ ਮੁਕਾਬਲੇ ਦੀ ਰਣਨੀਤੀ

-ਨੀਤੀ ਨਾਇਰ-

ਦਿੱਲੀ ਨੂੰ ਇੱਕ ਵਾਰ ਫਿਰ ਸੜਨ ਲਈ ਛੱਡ ਗਿਆ। ਦਿੱਲੀ ਪੁਲਸ 'ਤੇ ਇਲਜ਼ਾਮ ਹੈ ਕਿ ਉਸ ਨੇ ਚਾਰ ਦਿਨਾਂ ਵਿੱਚ 13200 ਕਾਲਜ਼ ਦਾ ਜਵਾਬ ਨਹੀਂ ਦਿੱਤਾ ਸਗੋਂ ਉਸ ਨੇ ਮੁਸਲਮਾਨਾਂ, ਉਨ੍ਹਾਂ ਦੇ ਘਰਾਂ ਅਤੇ ਵਪਾਰਕ ਅਦਾਰਿਆਂ 'ਤੇ ਪਥਰਾਅ ਕਰਨ ਵਾਲਿਆਂ ਦੀ ਮਦਦ ਕੀਤੀ। ਰਾਹੁਲ ਗਾਂਧੀ, ਜਿਨ੍ਹਾਂ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜ਼ਿੰਮੇਵਾਰੀ ਸੰਬੰਧੀ ਸਵਾਲਾਂ ਦੇ ਜਵਾਬ ਤੋਂ ਛੋਟ ਦੇ ਦਿੱਤੀ ਗਈ ਸੀ ਕਿਉਂਕਿ ਉਹ ਉਸ ਸਮੇਂ ਬਹੁਤ ਛੋਟੇ ਸਨ, ਇਸ ਸਾਲ ਪੰਜਾਹ ਸਾਲ ਦੇ ਹੋਣ ਜਾਣਗੇ। ਉਹ ਕੇਂਦਰੀ ਦਿੱਲੀ ਵਿੱਚ ਰਹਿੰਦੇ ਹਨ, ਜੋ ਸ਼ਾਹੀਨ ਬਾਗ ਵਿੱਚ ਹੋਏ ਪੁਰਅਮਨ ਰੋਸ ਧਰਨਾ ਸਥਾਨ ਜਾਂ ਉੱਤਰ ਪੂਰਬੀ ਦਿੱਲੀ ਵਿੱਚ ਪਿੱਛੇ ਜਿਹੇ ਹੋਣ ਵਾਲੇ ਮਨੁੱਖੀ ਕਤਲੇਆਮ ਤੋਂ ਖਾਸ ਦੂਰ ਨਹੀਂ। ਘਟਨਾਵਾਂ ਦੇ ਇਸ ਪੂਰੇ ਸਿਲਸਿਲੇ ਦੌਰਾਨ ਉਹ ਉਥੇ ਨਹੀਂ ਦੇਖੇ ਗਏ। ਕੀ ਇਹ ਇਸ ਲਈ ਹੈ ਕਿ ਉਹ ਕਾਂਗਰਸ ਪ੍ਰਧਾਨ ਨਹੀਂ ਹਨ? ਕੀ ਅਜਿਹਾ ਕਰ ਕੇ ਉਹ ਇਹ ਸੰਕੇਤ ਦੇਣਾ ਚਾਹੁੰਦੇ ਹਨ ਕਿ ਜੇ ਉਨ੍ਹਾਂ ਨੂੰ ਪ੍ਰਧਾਨ ਮੁਕ-ੱਰਰ ਕੀਤਾ ਗਿਆ ਹੁੰਦਾ ਤਾਂ ਉਨ੍ਹਾਂ ਨੇ ਸ਼ਾਇਦ ਉਨ੍ਹਾਂ ਘਟਨਾਵਾਂ 'ਤੇ ਉਂਗਲੀ ਚੁੱਕੀ ਹੁੰਦੀ ਜਾਂ ਇੰਡੀਆਗੇਟ 'ਤੇ ਕੈਂਡਲ ਲਾਈਟ ਮੁਜ਼ਾਹਰੇ 'ਚ ਸ਼ਾਮਲ ਹੋਏ ਹੁੰਦੇ।

ਦੋ ਸਾਲ ਤੋਂ ਘੱਟ ਸਮਾਂ ਪਹਿਲਾਂ ਸਿੰਗਾਪੁਰ ਵਿੱਚ ਆਈ ਐੱਮ ਅਲੂਮਨਾ ਨਾਲ ਗੱਲਬਾਤ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਸੀ, 'ਰਾਜਨੀਤੀ ਵਿੱਚ ਜਦੋਂ ਤੁਸੀਂ ਗਲਤ ਤਾਕਤਾਂ ਨਾਲ ਮਿਲ ਜਾਂਦੇ ਹੋ ਤੇ ਜੇ ਤੁਸੀਂ ਕਿਸੇ ਚੀਜ਼ ਲਈ ਖੜ੍ਹੇ ਹੁੰਦੇ ਹੋ ਤਾਂ ਤੁਸੀਂ ਮਰ ਜਾਓਗੇ।'' ਕੀ ਇਸੇ ਲਈ ਉਨ੍ਹਾਂ ਨੇ ਪਿਛਲੇ ਹਫਤੇ ਉਤਰ-ਪੂਰਬੀ ਦਿੱਲੀ ਦੀਆਂ ਕਤਲਾਂ ਨਾਲ ਭਰੀਆਂ ਸੜਕਾਂ 'ਤੇ ਕਦਮ ਨਹੀਂ ਰੱਖਿਆ? ਜਾਂ ਕੀ ਉਹ ਆਪਣੀ ਐਸ ਪੀ ਜੀ ਸੁਰੱਖਿਆ ਤੋਂ ਬਿਨਾਂ ਆਪਣੇ ਜੀਵਨ ਲਈ ਡਰਦੇ ਸਨ? ਉਨ੍ਹਾਂ ਕੋਲ ਅਜੇ ਵੀ ਜ਼ੈੱਡ ਪਲੱਸ ਸੁਰੱਖਿਆ ਹੈ। ਲੰਡਨ ਸਕੂਲ ਆਫ ਇਕੋਨਾਮਿਕਸ ਦੇ ਵਿਦਿਆਰਥੀਆਂ ਸਾਹ-ਮਣੇ ਰਾਹੁਲ ਗਾਂਧੀ ਨੇ ਐਲਾਨ ਕੀਤਾ ਸੀ, ''ਮੈਂ ਇਸ ਗ੍ਰਹਿ 'ਤੇ ਕਿਸੇ ਵਿਰੁੱਧ ਕਿਸੇ ਵੀ ਹਰ ਤਰ੍ਹਾਂ ਦੀ ਹਿੰਸਾ ਦੇ ਖਿਲਾਫ ਹਾਂ।'' ਫਿਰ ਦਿੱਲੀ ਬਾਰੇ ਉਨ੍ਹਾਂ ਦਾ ਕੀ ਖਿਆਲ ਹੈ? ਕੀ ਇਹ ਅਜੇ ਵੀ ਇਸ ਗ੍ਰਹਿ ਦਾ ਇੱਕ ਹਿੱਸਾ ਹੈ? ਜਾਮੀਆ? ਜੇ ਐੱਨ ਯੂ? ਗਾਰਗੀ ਕਾਲਜ? ਜਾਂ ਉਹ ਇਹ ਸੋਚਦੇ ਹਨ ਕਿ ਕੁਝ ਵੀ ਨਾ ਕਰਨ ਦੇ ਬਾਵਜੂਦ ਉਹ ਹੁਣ ਵੀ ਫੋਟੋਆਂ ਖਿਚਵਾਉਣ ਦੇ ਮੌਕਾਪ੍ਰਸਤ ਚਾਹਵਾਨ ਅਰਵਿੰਦ ਕੇਜਰੀਵਾਲ ਅਤੇ ਹੁਣ ਤੱਕ ਲਾਪਤਾ ਅਮਿਤ ਸ਼ਾਹ ਤੋਂ ਬਿਹਤਰ ਹਨ, ਜਿਹੜੇ ਦੇਸ਼ ਦੀ ਰਾਜਧਾਨੀ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਆਖਰ ਗੇਮ ਪਲਾਨ ਕੀ ਹੈ? ਕੀ ਉਨ੍ਹਾਂ ਦਾ ਗੇਮ ਪਲਾਨ ਇਹ ਹੈ ਕਿ ਅਰਥ ਵਿਵਸਥਾ ਤਬਾਹ ਹੋ ਜਾਵੇਗੀ ਅਤੇ ਜਦੋਂ ਹਰ ਕੋਈ ਮੋਦੀ-ਸ਼ਾਹ ਤੋਂ ਅੱਕ ਜਾਵੇਗਾ ਤਾਂ ਫਿਰ ਕਾਂਗਰਸ ਆਪਣੇ ਆਪ ਚੁਣੀ ਜਾਵੇਗੀ।

ਹਮੇਸ਼ਾ ਦੂਜੇ ਬਦਲ ਵੀ ਹੁੰਦੇ ਹਨ। ਰਾਹੁਲ ਵੀ ਜਾਣਦੇ ਹਨ ਕਿ ਰਾਜਨੀਤੀ ਵਿੱਚ ਕੋਈ ਨਿਸ਼ਚਿਤਤਾ ਨਹੀਂ ਹੁੰਦੀ, ਜਿਵੇਂ ਕਿ ਪਿਛਲੀ ਵਾਰ ਉਹ ਵਾਇਨਾਡ ਤੋਂ ਚੋਣ ਲੜੇ ਸਨ। ਮਿਸਾਲ ਵਜੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਰਾਹੁਲ ਤੋਂ ਦੋ ਸਾਲ ਛੋਟੇ ਹਨ। ਉਹ ਜਿਨ੍ਹਾਂ ਲਈ ਚੋਣ ਪ੍ਰਚਾਰ ਕਰਦੇ ਹਨ, ਉਨ੍ਹਾਂ ਦੇ ਚੁਣੇ ਜਾਣ ਦੀਆਂ ਸੰਭਾਵਨਾਵਾਂ ਖਤਮ ਕਰ ਦਿੰਦੇ ਹਨ। ਇਥੋਂ ਤੱਕ ਨੌਜਵਾਨ ਸਿਆਸੀ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਵੀ ਹਨ, ਜਿਹੜੇ ਵੱਧ ਤੋਂ ਵੱਧ ਮਜ਼ਬੂਤੀ ਨਾਲ ਸੰਤੁਲਨ ਦੀ ਚਲਾ ਨਾਲ ਬਿਹਤਰ ਚੋਣ ਪ੍ਰਬੰਧ ਕਰਦੇ ਹਨ। ਕੁਝ ਹੋਰ ਸਚਿਨ ਪਾਇਲਟ (42 ਸਾਲ) ਵਾਂਗ ਅਜਿਹੇ ਹਨ, ਜਿਨ੍ਹਾਂ ਨੂੰ ਜੇ ਸੱਤਾ ਦਾ ਸਵਾਦ ਨਹੀਂ ਮਿਲਿਆ ਤਾਂ ਉਹ ਕਾਂਗਰਸ ਛੱਡ ਸਕਦੇ ਹਨ।

ਇਸ ਤੋਂ ਇਲਾਵਾ ਵਧੇਰੇ ਅਹਿਮ ਗੱਲ ਇਹ ਹੈ ਕਿ ਭਾਰਤ ਨੂੰ ਹਿੰਦੀ ਬਹੁਮਤ ਗਲਬੇ ਵਾਲੇ ਹਿੰਦੂ ਰਾਸ਼ਟਰ ਵਿੱਚ ਵੰਡੇ ਜਾਣ ਤੋਂ ਰੋਕਣ ਵਾਲੀ ਰਾਜਸੀ ਗੂੰਦ ਕਿੱਥੇ ਹਨ? ਉਤਰ ਪੂਰਬ ਜਾਂ ਦੱਖਣ ਦੇ ਸੂਬਿਆਂ ਲਈ ਵਿੱਚ ਕੀ ਹੈ। ਕੀ ਨਾਗਰਿਕਤਾ ਸੋਧ ਕਾਨੂੰਨ 'ਤੇ ਕੰਮ ਕਰਨ ਨਾਲ ਭਾਰਤ ਦੀ ਅਸਲੀਅਤ ਇੱਕ ਪ੍ਰਭੂਸੱਤਾ ਪ੍ਰਾਪਤ ਰਾਜਸੀ ਇਕਾਈ ਦੇ ਰੂਪ ਵਿੱਚ ਖਤਮ ਹੋ ਜਾਵੇਗੀ? ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਮੋਦੀ ਸਰਕਾਰ 1950 ਦੇ ਲਿਆਕਤ-ਨਹਿਰੂ ਸਮਝੌਤੇ 'ਚ ਗਲਤੀਆਂ ਨੂੰ ਸੁਧਾਰੇਗੀ। ਇਹ ਸਮਝੌਤਾ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ 'ਚ ਕਾਇਮ ਹੋਇਆ ਧਾਰਮਿਕ ਘੱਟਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਹੋਇਆ ਸੀ। ਦੋਵਾਂ ਪ੍ਰਧਾਨ ਮੰਤਰੀਆਂ ਨੇ ਆਪਣੇ-ਆਪਮਏ ਦੇਸ਼ਾਂ 'ਚ ਘੱਟਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ। ਕੀ ਭਾਰਤ ਨੂੰ ਉਸ ਦੀ ਆਜ਼ਾਦੀ ਦਿਵਾਉਣ ਵਾਲੀ ਪਾਰਟੀ ਇਨ੍ਹਾਂ ਹਾਲਾਤ 'ਚ ਆਪਣਾ ਪੱਲਾ ਝਾੜ ਲਵੇਗੀ।

ਇਸ ਦੇ ਕਈ ਕਾਰਨ ਹਨ ਕਿ ਬਹੁਤੇ ਪੰਡਿਤ ਅਲਬਾਟ੍ਰਾਸ ਯਾਨੀ ਰਾਹੁਲ ਗਾਂਧੀ ਦੇ ਮੁੱਦੇ ਵਿੱਚ ਖਾਸ ਦਿਲਚਸਪੀ ਨਹੀਂ ਰੱਖਦੇ। ਇੱਕ ਲੇਖਕ ਨੇ ਇੱਕ ਵਾਰ ਮੈਨੂੰ ਕਿਹਾ ਸੀ ਕਿ ਪ੍ਰਕਾਸ਼ਨ 'ਚ ਤੁਹਾਨੂੰ ਸਿਰਫ ਇੱਕੋ ਮੌਕਾ ਮਿਲਦਾ ਹੈ ਅਤੇ ਇਸ ਲਈ ਕਿਸੇ ਵੀ ਆਪਣੇ ਬਿਹਤਰੀਨ ਖਰੜੇ ਨੂੰ ਅੱਗੇ ਰੱਖਣਾ ਚਾਹੀਦਾ ਹੈ, ਪਰ ਅਸਲ ਦੁਨੀਆ 'ਚ ਰਾਹੁਲ ਗਾਂਧੀ ਵਰਗੇ ਲੋਕਾਂ ਨੂੰ ਕਈ ਮੌਕੇ ਮਿਲਦੇ ਹਨ-ਇੱਕ ਤੋਂ ਬਾਅਦ ਇੱਕ ਚੋਣ ਮੁਹਿੰਮ ਆਯੋਜਤ ਕਰਨ ਦੇ, ਅਸਫਲ ਹੋਣ ਦੇ ਅਤੇ ਫਿਰ ਦੂਜੇ, ਤੀਜੇ ਅਤੇ ਕਈ ਹੋਰ ਮੌਕੇ ਮਿਲਦੇ ਨਹ। ਜਿਸ ਦੇਸ਼ ਵਿੱਚ ਰਾਜਸੀ ਆਗੂਆਂ ਵਿਚਕਾਰ ਇਮਾਨਦਾਰੀ ਬੇਹੱਦ ਘੱਟ ਦੇਖਣ ਨੂੰ ਮਿਲਦੀ ਹੈ, ਰਾਹੁਲ ਗਾਂਧੀ ਵਿੱਚ ਇਹ ਨਜ਼ਰ ਆਉਂਦੀ ਹੈ, ਖਾਸ ਕਰ ਕੇ 2019 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੇ ਆਖਰੀ ਕੁਝ ਹਫਤਿਆਂ ਵਿੱਚ ਜਦੋਂ ਉਹ ਆਖਰ ਚੋਣ ਰੈਲੀਆਂ ਅਤੇ ਇੰਟਰਵਿਊਜ਼ ਵਿੱਚ ਆਪਣੀ ਫਰਮ ਵਿੱਚ ਆ ਗਏ ਸਨ। ਇਸ ਦੇ ਬਾਵਜੂਦ ਕਾਂਗਰਸ ਦੀਆਂ 'ਨਿਆਂ' ਵਰਗੀਆਂ ਸੋਚੀਆਂ-ਸਮਝੀਆਂ ਯੋਜਨਾਵਾਂ ਤੋਂ ਵੋਟਰ ਅਣਜਾਣ ਰਹੇ, ਜਿਨ੍ਹਾਂ ਦਾ ਉਨ੍ਹਾਂ 'ਤੇ ਅਸਰ ਪੈਣਾ ਸੀ। ਇਸ ਦੇ ਨਤੀਜੇ ਵਜੋਂ ਚੋਣਾਂ ਵਿੱਚ ਕਾਂਗਰਸ ਦੀ ਹਾਰ ਅਤੇ ਭਾਜਪਾ ਦੀ ਚੋਣ ਰਣਨੀਤੀ ਦੀ ਜਿੱਤ ਅਸੀਂ ਦੇਖੀ ਹੈ।

ਮਈ 2024 ਲਈ ਸਿਰਫ 48 ਮਹੀਨੇ ਬਚੇ ਹਨ। ਕੀ 'ਅਲਬਾਟ੍ਰਾਸ' ਕਿਸੇ ਇੱਕ ਪਾਸੇ ਜਾਣ ਦਾ ਫੈਸਲਾ ਲਵੇਗਾ। ਜੇ ਉਹ ਅਸਲ ਵਿੱਚ ਕਾਂਗਰਸ ਦੀ ਅਗਵਾਈ ਜਾਂ ਯੂ ਪੀ ਏ-3 ਦੀ ਅਗਵਾਈ ਕਰਨ ਲਈ ਕਿਸੇ ਹੋਰ ਵਿਅਕਤੀ ਦੇ ਦਾਖਲੇ ਦੇ ਖਿਲਾਫ ਨਹੀਂ ਹੈ ਤਾਂ ਉਸ ਨੂੰ ਸ਼ਾਇਦ ਵਾਇਨਾਡ ਜਾ ਕੇ ਦੂਜੇ ਵਿਅਕਤੀ ਲਈ ਰਾਹ ਛੱਡ ਦੇਣਾ ਚਾਹੀਦਾ ਹੈ। ਜੇ ਸੋਨੀਆ ਗਾਂਧੀ, ਜਿਨ੍ਹਾਂ ਨੂੰ ਨਰੇਗਾ ਅਤੇ ਸੂਚਨਾ ਦੇ ਅਧਿਕਾਰ ਕਾਨੂੰਨ ਲਿਆਉਣ ਵਿੱਚ ਸਹਾਇਤਾ ਕੀਤੀ ਸੀ, ਅਸਲ ਵਿੱਚ ਇੱਕ ਉਚ ਵਿਰਾਸਤ ਛੱਡ ਕੇ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਰਵਾਇਤੀ ਭਾਰਤੀ ਮਾਂ ਬਣਨ ਤੋਂ ਬਚਣਾ ਹੋਵੇਗਾ, ਜਿਸ ਨੂੰ ਆਪਣੇ ਪੁੱਤ ਵਿੱਚ ਦੋਸ਼ ਨਜ਼ਰ ਨਹੀਂ ਆਉਂਦਾ। ਰਾਹੁਲ ਗਾਂਧੀ ਨੂੰ ਇਹ ਫੈਸਲਾ ਲੈਣਾ ਹੋਵੇਗਾ ਕਿ ਜਾਂ ਤਾਂ ਉਨ੍ਹਾਂ ਨੂੰ ਮੈਦਾਨ ਛੱਡ ਕੇ ਜਾਣਾ ਹੋਵੇਗਾ ਜਾਂ ਪੂਰੇ ਹੌਸਲੇ ਅਤੇ ਵਿਸ਼ਵਾਸ ਨਾਲ ਅਗਵਾਈ ਦਾ ਫੈਸਲਾ ਲੈਣਾ ਹੋਵੇਗਾ। ਹੁਣ ਉਨ੍ਹਾਂ ਕੋਲ ਹੋਰ ਸਮਾਂ ਨਹੀਂ ਹੈ। ਦਿੱਲੀ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਅਤੇ ਉਸ ਤੋਂ ਪਹਿਲਾਂ ਦਿੱਤੇ ਗਏ ਨਫਰਤ ਵਾਲੇ ਭਾਸ਼ਣ ਇਹ ਦਰਸਾਉਂਦੇ ਹਨ ਕਿ ਭਾਜਪਾ ਭਾਰਤੀ ਸਮਾਜ ਦੀ ਸਫਬੰਦੀ ਕਰਨਾ ਚਾਹੁੰਦੀ ਹੈ ਤਾਂ ਕਿ ਉਸ ਤੋਂ ਚੋਣ ਲਾਭ ਲਿਆ ਜਾ ਸਕੇ। ਅਜਿਹੇ ਸਮੇਂ ਵਿੱਚ ਕਾਂਗਰਸ ਅਤੇ ਉਸ ਦੇ ਭਾਈਵਾਲਾਂ ਨੂੰ ਪੂਰੇ ਦੇਸ਼ ਲਈ ਇੱਕ ਠੋਸ ਯੋਜਨਾ ਨਾਲ ਇਕਮੁੱਠ ਹੋਣਾ ਹੋਵੇਗਾ ਜਾਂ ਉਹ ਸਭ ਅਲਵਿਦਾ ਕਹਿ ਸਕਦੇ ਹਨ।

## ਵਿਅੰਗ

# ਯਮਰਾਜ ਦੇ ਦਰਬਾਰ ਵਿੱਚ ਲੀਡਰਾਂ ਦੀ ਹੋਲੀ

-ਗੁਰਮੀਤ ਬੇਦੀ-

ਯਮਰਾਜ ਨੇ ਇਸ ਵਾਰ ਡਿਸਾਈਡ ਕੀਤਾ ਕਿ ਜਿਵੇਂ ਧਰਤੀ 'ਤੇ ਭਾਰਤ ਨਾਂਅ ਦੇ ਦੇਸ਼ ਵਿੱਚ ਹੋਲੀ ਖੇਡੀ ਜਾਂਦੀ ਹੈ, ਗੁਲਾਲ ਉਡਦੇ ਹਨ, ਭੰਗ ਦੀ ਤਰੰਗ 'ਚ ਲੋਕ ਝੂਮਦੇ ਹਨ, ਹਾਸ ਕਵੀ ਦਰਬਾਰ ਲੱਗਦੇ ਅਤੇ ਮਹਾਮੂਰਖ ਮੁਕਾਬਲੇ ਹੁੰਦੇ ਹਨ, ਉਂਝ ਹੀ ਹੋਲੀ 'ਤੇ ਇੱਕ ਪ੍ਰੋਗਰਾਮ ਉਨ੍ਹਾਂ ਦੇ ਦਰਬਾਰ 'ਚ ਵੀ ਹੋਵੇ। ਜਦੋਂ ਯਮਰਾਜ ਨੇ ਦਰਬਾਰੀਆਂ ਨੂੰ ਫੈਸਲੇ ਤੋਂ ਜਾਣੂ ਕਰਾਇਆ, ਉਨ੍ਹਾ ਦੇ ਭੈਂਸੇ ਵਾਂਗ ਸਭ ਨੇ ਸਹਿਮਤੀ 'ਚ ਸਿਰ ਹਿਲਾ ਦਿੱਤੇ। ਸੁਆਲ ਇਹ ਪੈਦਾ ਹੋਇਆ ਕਿ ਇਸ ਪ੍ਰੋਗਰਾਮ ਦੀ ਜ਼ਿੰਮੇਵਾਰੀ ਕਿਸ ਨੂੰ ਸੌਂਪੀ ਜਾਵੇ? ਕੌਣ ਸਾਰਾ ਪ੍ਰਬੰਧ ਸੰਭਾਲ ਸਕਦਾ ਹੈ? ਰੰਗ ਕਿਸ ਕੁਆਲਿਟੀ ਦਾ ਹੋਵੇ? ਪਿਚਕਾਰੀਆਂ ਕਿਸ ਕਲਰ ਦੀਆਂ ਹੋਣ? ਕਿਸ ਧਾਤੂ ਦੀਆਂ ਚਾਹੀਦੀਆਂ; ਪਲਾਸਟਿਕ ਦੀਆਂ, ਲੋਹੇ ਦੀਆਂ ਜਾਂ ਫਿਰ ਬਾਂਸ ਦੀਆਂ? ਰੰਗ ਯਮਰਾਜ ਦੇ ਦਰਬਾਰ ਵਿੱਚ ਤਿਆਰ ਕੀਤਾ ਜਾਵੇ ਜਾਂ ਫਿਰ ਭਾਰਤ ਦੀ ਕਿਸੇ ਦੁਕਾਨ ਵਿੱਚ ਦੂਤ ਭੇਜ ਕੇ ਮੰਗਾਇਆ ਜਾਏ, ਅਤੇ ਫਿਰ ਭੰਗ ਕੌਣ ਘੋਟੇਗਾ?

ਸਾਰੀਆਂ ਗੱਲਾਂ 'ਤੇ ਮੰਥਨ ਸ਼ੁਰੂ ਹੋਇਆ। ਕਿਸੇ ਦਰਬਾਰੀ ਨੇ ਸਲਾਹ ਦਿੱਤੀ ਕਿ ਯਮਰਾਜ ਦੇ ਦਰਬਾਰ ਵਿੱਚ ਅੱਜ ਤੱਕ ਕਦੇ ਹੋਲੀ ਖੇਡੀ ਨਹੀਂ ਗਈ, ਇਸ ਲਈ ਦਰਬਾਰੀਆਂ ਨੂੰ ਹੋਲੀ ਦੇ ਰਿਵਾਜਾਂ ਤੇ ਖੇਡਣ ਦੇ ਢੰਗ ਦੀ ਜਾਣਕਾਰੀ ਨਹੀਂ ਹੈ, ਇਸ ਲਈ ਬਿਹਤਰ ਹੋਵੇਗਾ ਕਿ ਭਾਰਤ ਦੇ ਕਿਸੇ ਲੀਡਰ ਦੀ ਇਸ ਬਾਰੇ ਰਾਇ ਲਈ ਜਾਵੇ, ਜੋ ਸਲਾਹ ਦੇਣ ਅਤੇ ਰੰਗ ਵਿੱਚ ਭੰਗ ਪਾਉਣ ਤੋਂ ਇਲਾਵਾ ਖਰੂਦ ਦੇ ਵੀ ਮਾਹਰ ਅਖਵਾਉਂਦੇ ਹਨ। ਯਮਰਾਜ ਨੂੰ ਆਪਣੇ ਦਰਬਾਰੀ ਦੀ ਸਲਾਹ ਜਚ ਗਈ। ਉਨ੍ਹਾਂ ਨੇ ਆਪਣੇ ਦੂਤਾਂ ਨੂੰ ਹੁਕਮ ਦਿੱਤਾ ਕਿ ਚਾਰ-ਪੰਜ ਭਾਰਤੀ ਨੇਤਾਵਾਂ ਨੂੰ ਤੁਰੰਤ ਉਨ੍ਹਾਂ ਦੇ ਦਰਬਾਰ ਵਿੱਚ ਪੇਸ਼ ਕੀਤਾ ਜਾਵੇ। ਦੂਤ ਬੜੇ ਅਦਬ ਨਾਲ ਸਿਰ ਹਿਲਾ ਕੇ ਭੈਂਸੇ 'ਤੇ ਸਵਾਰ ਹੋ ਕੇ ਨੇਤਾਵਾਂ ਨੂੰ ਲਿਆਉਣ ਨਿਕਲ ਪਏ।

ਅੱਧਾ ਘੰਟਾ ਬੀਤਿਆ, ਪੂਰਾ ਘੰਟਾ ਬੀਤਿਆ ਤੇ ਫਿਰ ਦੋ ਘੰਟੇ ਲੰਘ ਗਏ। ਯਮਰਾਜ ਦੀ ਬੇਚੈਨੀ ਵਧਣ ਲੱਗੀ। ਉਹ ਘੜੀ ਮੁੜੀ ਮੇਨ ਗੇਟ ਵੱਲ ਦੇਖਦੇ ਅਤੇ ਫਿਰ ਆਪਣੀ ਘੜੀ ਦੀਆਂ ਸੂਈਆਂ ਵੱਲ ਦੇਖਦੇ। ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਦੂਤ ਅਜੇ ਤੱਕ ਕਿਸੇ ਲੀਡਰ ਨੂੰ ਲੈ ਕੇ ਹਾਜ਼ਰ ਕਿਉਂ ਨਹੀਂ ਹੋਏ? ਕੀ ਭਾਰਤ 'ਚ ਸਾਰੇ ਲੀਡਰ ਰਾਜਨੀਤੀ ਤੋਂ ਸੰਨਿਆਸ ਲੈ ਕੇ ਇਕਾਂਤਵਾਸ 'ਚ ਚਲੇ ਗਏ ਹਨ ਜਾਂ ਉਨ੍ਹਾਂ ਨੇ ਯਮਰਾਜ ਦੇ ਦੂਤਾਂ ਨੂੰ ਧਰਤੀ 'ਤੇ ਕਾਰ ਕੋਠੀ ਦਾ ਲਾਲਚ ਦੇ ਕੇ ਆਪਣਾ ਗੁਲਾਮ ਬਣਾ ਲਿਆ ਹੈ? ਕਿਤੇ ਲੀਡਰਾਂ ਨੇ ਉਨ੍ਹਾਂ ਦੇ ਦੂਤਾਂ ਨੂੰ ਜੇਲ੍ਹ 'ਚ ਤਾਂ ਨਹੀਂ ਸੁੱਟ ਦਿੱਤਾ?

ਯਮਰਾਜ ਨੂੰ ਨੈਗੇਟਿਵ ਵਿਚਾਰ ਆਉਣ ਲੱਗੇ। ਉਨ੍ਹਾਂ ਦੀ ਬੇਚੈਨੀ ਵਧਣ ਲੱਗੀ। ਉਨ੍ਹਾਂ ਦੇ ਮੱਥੇ ਤੋਂ ਪਸੀਨਾ ਟਪਕਣ ਲੱਗਾ। ਦਰਬਾਰ ਦੀਆਂ ਜਿੰਨੀਆਂ ਖਿੜਕੀਆਂ ਬੰਦ ਹਨ, ਉਨ੍ਹਾਂ ਦੇ ਕਪਾਟ ਖੋਲ੍ਹ ਦਿੱਤੇ ਗਏ ਤਾਂ ਕਿ ਹਵਾ ਦੇ ਥਪੇੜੇ ਦਰਬਾਰ ਦੇ ਆਰ ਪਾਰ ਹੋ ਸਕਣ। ਇਸ ਦੌਰਾਨ ਦੂਤ ਵੀ ਪੰਜ ਭਾਰਤੀ ਲੀਡਰਾਂ ਨੂੰ ਲੈ ਕੇ ਯਮਰਾਜ ਅੱਗੇ ਆ ਪ੍ਰਗਟ ਹੋਏ। ਪੰਜਾਂ ਨੇ ਯਮਰਾਜ ਦਾ ਸਤਿਕਾਰ ਕੀਤਾ ਤੇ ਫਿਰ ਦੋਵੇਂ ਹੱਥ ਜੋੜ ਕੇ 60 ਡਿਗਰੀ ਦੇ ਅੰਦਾਜ਼ 'ਚ ਝੁਕਦਿਆਂ ਕਿਹਾ, ''ਹੁਕਮ ਕਰੋ ਮਹਾਰਾਜ, ਕਿਸ ਦੇ ਵਿਰੁੱਧ ਸਾਜ਼ਿਸ਼ ਰਚਣੀ ਹੈ? ਕੀਹਦੇ-ਕੀਹਦੇ ਵਿਚਕਾਰ ਫਿਰਕੂ ਜ਼ਹਿਰ ਘੋਲਣਾ ਹੈ? ਕਿਹੜੇ-ਕਿਹੜੇ ਵਰਗ ਆਪਸ ਵਿੱਚ ਲੜਾਉਣੇ ਹਨ?''

ਯਮਰਾਜ ਨੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਉਤਰ ਨਹੀਂ ਦਿੱਤਾ ਅਤੇ ਦੂਤਾਂ 'ਤੇ ਸੁਆਲ ਦਾਗਿਆ, ਇਨ੍ਹਾਂ ਲੀਡਰਾਂ ਨੂੰ ਲਿਆਉਣ 'ਚ ਦੇਰੀ ਕਿਉਂ ਹੋਈ? ਉਡੀਕ ਦੀ ਬੇਚੈਨੀ ਵਿੱਚ ਮੇਰਾ ਬਲੱਡ ਪ੍ਰੈਸ਼ਰ ਵਧਣ ਦਾ ਜ਼ਿੰਮੇਵਾਰ ਕੌਣ ਹੈ?'' ਦੂਤ ਹੱਥ ਜੋੜ ਕੇ ਕਹਿਣ ਲੱਗੇ, ''ਮਹਾਰਾਜ, ਇਹ ਲੀਡਰ ਇਕੱਠੇ ਭੈਂਸੇ ਉੱਤੇ ਚੜ੍ਹਨ ਲਈ ਤਿਆਰ ਨਹੀਂ ਹੋਏ। ਇਨ੍ਹਾਂ 'ਚੋਂ ਇੱਕ ਕਹਿ ਰਿਹਾ ਸੀ ਕਿ ਸੱਜੇ ਪੱਖੀ ਅਤੇ ਖੱਬੇ ਪੱਖੀ ਇਕੱਠੇ ਨਹੀਂ ਬੈਠ ਸਕਦੇ। ਦੂਜਾ ਕਹਿੰਦਾ ਸੀ ਕਿ ਉਸ ਨੂੰ ਬਾਕੀ ਦੇ ਚਾਰ ਲੀਡਰਾਂ 'ਤੇ ਭਰੋਸਾ ਨਹੀਂ, ਇਸ ਲਈ ਉਹ ਇਨ੍ਹਾਂ ਨਾਲ ਨਹੀਂ ਜਾਵੇਗਾ। ਤੀਜੇ ਦਾ ਕਹਿਣਾ ਸੀ ਕਿ ਉਸ ਨੂੰ ਸਿਰਫ ਹਵਾਈ ਯਾਤਰਾ ਕਰਨ ਲਈ ਉਸ ਦੇ ਹਾਈ ਕਮਾਨ ਨੇ ਅਧਿਕਾਰ ਦਿੱਤਾ ਹੈ, ਇਸ ਲਈ ਉਹ ਬਿਨਾਂ ਹੈਲੀਕਾਪਟਰ ਦੇ ਨਹੀਂ ਜਾਵੇਗਾ। ਚੌਥੇ ਦਾ ਕਹਿਣਾ ਸੀ ਕਿ ਉਹ ਇਕੱਲਾ ਹੀ ਪੰਜ ਲੀਡਰਾਂ ਦੇ ਬਰਾਬਰ ਹੈ, ਬਾਕੀ ਚਾਰਾਂ ਨੂੰ ਨਾਲ ਕਿਉਂ ਲਿਜਾਇਆ ਜਾ ਰਿਹਾ ਹੈ। ਪੰਜਵੇਂ ਦਾ ਕਹਿਣਾ ਸੀ ਕਿ ਇਨ੍ਹਾਂ ਚਾਰਾਂ ਨੂੰ ਲੈ ਜਾਓ, ਮੈਨੂੰ ਧਰਤੀ 'ਤੇ ਹੀ ਰਹਿਣ ਦਿਓ, ਮੈਂ ਬੜੀ ਮੁਸ਼ਕਲ ਨਾਲ ਸੱਤਾ ਹਾਸਲ ਕੀਤੀ ਹੈ। ਮਹਾਰਾਜ ਅਸੀਂ ਬੜੀ ਮੁਸ਼ਕਲ ਨਾਲ ਇਨ੍ਹਾਂ ਪੰਜਾਂ ਨੂੰ ਇਥੇ ਲੈ ਕੇ ਆਏ ਹਾਂ। ਇਨ੍ਹਾਂ ਨੇ ਤਾਂ ਭੈਂਸੇ ਨੂੰ ਵੀ ਭਰਮਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਇੱਕ ਦੋ ਵਾਰ ਭੈਂਸਾ ਜੀ ਵੀ ਇਨ੍ਹਾਂ ਦੀਆਂ ਗੱਲਾਂ 'ਚ ਆ ਗਏ ਸਨ, ਇਸ ਲਈ ਇਨ੍ਹਾਂ ਨੂੰ ਤੁਹਾਡੇ ਦਰਬਾਰ ਵਿੱਚ ਪਹੁੰਚਾਉਣ 'ਚ ਦੇਰੀ ਹੋਈ।''

ਆਪਣੇ ਦੂਤਾਂ ਦੀ ਗੱਲ ਸੁਣ ਕੇ ਯਮਰਾਜ ਨੇ ਕਿਹਾ, ''ਤੁਸੀਂ ਭਵਿੱਖ 'ਚ ਕਦੇ ਵੀ ਸਮਾਜਕ ਪ੍ਰਤਿਸ਼ਠਾ ਨਹੀਂ ਖੱਟ ਸਕੋਗੇ। ਭਾਰਤ ਦੀ ਧਰਤੀ 'ਤੇ ਪੈਦਾ ਹੋਣ ਵਾਲੇ ਸਾਰੇ ਵਿਅੰਗਕਾਰ, ਸਾਰੇ ਕਵੀ, ਸਾਰੇ ਕਾਮੇਡੀਅਨ ਆਪਣੀਆਂ ਰਚਨਾਵਾਂ ਵਿੱਚ ਹਮੇਸ਼ਾ ਤੁਹਾਡੇ 'ਤੇ ਤੰਜ਼ (ਵਿਅੰਗ) ਕੱਸਿਆ ਕਰਨਗੇ। ਅਖਬਾਰਾਂ ਵਿੱਚ ਤੁਹਾਡੇ ਕਾਰਟੂਨ ਛਪਿਆ ਕਰਨਗੇ, ਲੋਕ ਗਲੀਆਂ, ਚੌਕਾਂ 'ਚ ਤੁਹਾਡੇ ਫੈਸਲਿਆਂ 'ਤੇ ਉਂਗਲ ਚੁੱਕਿਆ ਕਰਨਗੇ। ਤੁਹਾਨੂੰ ਹਰ ਪੰਜ ਸਾਲ ਪਿੱਛੋਂ ਜਨਤਾ 'ਚ ਜਾ ਕੇ ਵੋਟਾਂ ਲਈ ਨੱਕ ਰਗੜਨੀ ਪਵੇਗੀ। ਤੁਹਾਡਾ ਸੱਤਾ ਸਿੰਘਾਸਨ ਹਮੇਸ਼ਾ ਹਿੱਲਦਾ ਰਹੇਗਾ।''

ਯਮਰਾਜ ਦੇ ਇਸ ਸਰਾਪ ਨੂੰ ਸੁਣ ਕੇ ਪੰਜ ਲੀਡਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਇਹ ਯਮਰਾਜ ਦੇ ਚਰਨਾਂ 'ਚ ਪੈਂਦੇ ਹੋਏ ਕਹਿਣ ਲੱਗੇ, 'ਮਹਾਰ-ਾਜ, ਇਸ ਵਾਰ ਬਖਸ਼ ਦਿਓ, ਅਸੀਂ ਭਵਿੱਖ ਵਿੱਚ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗੇ। ਆਪਣੇ ਸਵਾਰਥ ਲਈ ਅਸੀਂ ਆਪਣੇ ਹਾਈ ਕਮਾਨ ਨੂੰ ਨੀਵਾਂ ਦਿਖਾ ਕੇ ਇਕੱਠੇ ਹੋ ਜਾਵਾਂਗੇ। ਭੈਂਸਾ ਕੀ, ਖੱਚਰਾਂ 'ਤੇ ਚੜ੍ਹ ਕੇ ਤੁਹਾਡੇ ਤੱਕ ਪਹੁੰਚ ਜਾਵਾਂਗੇ। ਬੱਸ ਇੱਕ ਵਾਰ ਧਰਤੀ 'ਤੇ ਵਾਪਸ ਭਿਜਵਾ ਦਿਓ। ਹੇਠਾਂ ਧਰਤੀ 'ਤੇ ਚੋਣਾਂ ਦਾ ਮੌਸਮ ਚੱਲ ਰਿਹਾ ਹੈ, ਅਸੀਂ ਆਪਣੇ ਬੇਟਿਆਂ, ਨੂੰਹਾਂ ਅਤੇ ਪਤਨੀਆਂ ਨੂੰ ਚੋਣ ਜਿਤਾਉਣੀ ਹੈ।'

ਯਮਰਾਜ ਲੀਡਰਾਂ ਦੀ ਗੱਲ ਸੁਣ ਕੇ ਪਸੀਜ ਗਏ। ਕਹਿਣ ਲੱਗੇ, 'ਸਰਾਪ ਵਾਪਸ ਨਹੀਂ ਲਿਆ ਜਾ ਸਕਦਾ ਕਿਉਂਕਿ ਇਸ ਨਾਲ ਦਰਬਾਰੀਆਂ ਨੂੰ ਮੈਸੇਜ ਜਾਵੇਗਾ ਕਿ ਭਾਰਤ ਤੋਂ ਆਏ ਲੀਡਰਾਂ ਨੇ ਯਮਰਾਜ ਨਾਲ ਵੀ ਡੀਲ ਕਰ ਲਈ ਹੈ, ਪਰ ਤੁਹਾਨੂੰ ਦਰਬਾਰ 'ਚ ਹੋਲੀ ਖੇਡਣੀ ਪਵੇਗੀ, ਭੰਗ ਘੋਟਣੀ ਅਤੇ ਗੁਲਾਲ ਉਡਾਉਣੇ ਪੈਣਗੇ। ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਾਂਗੇ ਕਿ ਧਰਤੀ 'ਤੇ ਤੁਹਾਡੀ ਵੰਸ਼ਵਾਦ ਦੀ ਵੇਲ ਵਧਦੀ-ਫੁਲਦੀ ਰਹੇ। ਚੋਣਾਂ ਵਿੱਚ ਵੱਖ-ਵੱਖ ਪਾਰਟੀਆਂ ਦੇ ਟਿਕਟ ਤੁਹ-ਾਡੇ ਖਾਨਦਾਨ 'ਚ ਹੀ ਵੰਡੇ ਜਾਂਦੇ ਰਹਿਣ, ਕਿਸੇ ਆਮ ਵਰਕਰ ਨੂੰ ਕਦੇ ਟਿਕਟ ਨਾ ਮਿਲੇ।''

ਯਮਰਾਜ ਦੇ ਮੁੱਖ 'ਚੋਂ ਅਜਿਹੀ ਪਵਿੱਤਰ ਵਾਣੀ ਸੁਣਦਿਆਂ ਹੀ ਲੀਡਰ ਗਦਗਦ ਹੋ ਗਏ ਅਤੇ ਦੁੱਗਣੇ ਜੋਸ਼ ਨਾਲ 'ਹੋਲੀ ਹੈ! ਹੋਲੀ ਹੈ' ਦਾ ਜੈਕਾਰਾ ਲਾਉਂਦਿਆਂ ਗੁਲਾਲ, ਭੰਗ ਅਤੇ ਰੰਗਾਂ ਦਾ ਮਿਕਸਚਰ ਤਿਆਰ ਕਰਨ 'ਚ ਜੁੱਟ ਗਏ।

# ਨਾਰੀ ਦਿਵਸ ਦੇ ਮਾਅਨੇ

-ਲਕਸ਼ਮੀ ਕਾਂਤਾ ਚਾਵਲਾ

ਦੁਨੀਆ ਦੇ ਹੋਰ ਦੇਸ਼ਾਂ ਵਾਂਗ ਭਾਰਤ ਵਿੱਚ ਵੀ ਅੱਠ ਮਾਰਚ ਨਾਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਂਜ ਸਾਲ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮਰੀਕਾ ਨੇ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਨਾਰੀ ਦਿਵਸ ਮਨਾਇਆ ਸੀ। 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਵੱਲੋਂ ਕੋਪਨਹੇਗਨ ਵਿੱਚ ਨਾਰੀ ਦਿਵਸ ਦੀ ਸਥਾਪਨਾ ਹੋਈ ਅਤੇ 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਲੱਖਾਂ ਔਰਤਾਂ ਨੇ ਰੈਲੀ ਕੱਢੀ। ਰੂਸ ਦੀਆਂ ਔਰਤਾਂ ਨੇ ਲੰਮਾ ਸੰਘਰਸ਼ ਕੀਤਾ ਤੇ ਸਫ਼ਲ ਵੀ ਹੋਈਆਂ। ਉਨ੍ਹਾਂ ਨੂੰ ਵੋਟ ਦਾ ਅਧਿਕਾਰ ਹਾਸਲ ਕਰਨ ਲਈ ਸੰਘਰਸ਼ ਕਰਨਾ ਪਿਆ, ਪਰ ਭਾਰਤੀ ਔਰਤਾਂ ਨੂੰ ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਸਾਡੇ ਸੰਵਿਧਾਨ ਨੇ ਸਮਾਨਤਾ ਦਾ ਅਧਿਕਾਰ ਨੇ ਦਿੱਤਾ ਸੀ। ਕੋਈ ਭੇਦ ਭਾਵ ਨਹੀਂ, ਪਰ ਅੱਜ ਕੱਲ੍ਹ ਸਾਡੇ ਦੇਸ਼ ਵਿੱਚ ਨਾਰੀ ਦਿਵਸ ਮਨਾਉਣਾ ਵੀ ਤਿਉਹਾਰ ਜਾਂ ਜਾਂ ਰਸਮ ਹੋ ਗਿਆ ਹੈ। ਅੱਠ ਮਾਰਚ ਦੀ ਆਹਟ ਨਾਲ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ ਉਤੇ ਸਮਾਗਮਾਂ ਦੇ ਪ੍ਰਬੰਧ ਕਰ ਲਏ ਜਾਂਦੇ ਹਨ। ਹਰ ਸਾਲ ਇਹੋ ਹੁੰਦਾ ਹੈ। ਮੇਰਾ ਮੰਨਣਾ ਹੈ ਕਿ ਭਾਰਤੀ ਔਰਤਾਂ ਨੇ ਅੱਠ ਮਾਰਚ ਦੇ ਨਾਰੀ ਦਿਵਸ ਕਾਰਨ ਨਹੀਂ, ਸਗੋਂ ਆਪਣੀ ਯੋਗਤਾ, ਪਰਵਾਰ ਤੇ ਸਮਾਜ ਵਿੱਚ ਮਿਲੇ ਮੌਕਿਆਂ ਅਤੇ ਦ੍ਰਿੜ੍ਹ ਇਰਾਦੇ ਤੇ ਸਖ਼ਤ ਮਿਹਨਤ ਨਾਲ ਹੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। ਕਦੇ-ਕਦੇ ਹੈਰਾਨੀ ਹੁੰਦੀ ਹੈ ਕਿ ਜਦੋਂ ਦੇਸ਼ ਦਾ ਕਾਨੂੰਨ ਔਰਤਾਂ ਲਈ ਹਰ ਰਸਤਾ ਖੋਲ੍ਹ ਰਿਹਾ ਹੈ ਤਾਂ ਕੀ ਇਹ ਸੱਚ ਨਹੀਂ ਕਿ ਔਰਤਾਂ ਆਪ ਹੀ ਕੁਰੀਤੀਆਂ ਤੇ ਬੇਲੋੜੀਆਂ ਰਵਾਇਤਾਂ ਛੱਡਣ ਨੂੰ ਤਿਆਰ ਨਹੀਂ। ਇਉਂ ਵੀ ਕਹਿ ਸਕਦੇ ਹਾਂ ਕਿ ਪਿੰਜਰੇ ਤਾਂ ਖੁੱਲ੍ਹੇ ਹਨ, ਪਰ ਪੰਛੀ ਉਡਣਾ ਨਹੀਂ ਚਾਹੁੰਦਾ, ਕਿਉਂਕਿ ਉਨ੍ਹਾਂ ਨੂੰ ਪਿੰਜਰੇ ਵਿੱਚ ਬੰਦ ਰਹਿ ਕੇ ਗੁਜ਼ਾਰਾ ਕਰਨ ਦੀ ਆਦਤ ਹੋ ਗਈ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਜਿਨ੍ਹਾਂ ਪਰਵਾਰਾਂ ਵਿੱਚ ਔਰਤਾਂ ਨੂੰ ਘੁੰਡ ਜਾਂ ਬੁਰਕੇ ਵਿੱਚ ਬੰਦ ਰੱਖਿਆ ਜਾਂਦਾ ਹੈ, ਉਥੇ ਬਹੁਤ ਸਾਰੀਆਂ ਔਰਤਾਂ ਵੀ ਘੁੰਡ ਦੇ ਪੱਖ ਵਿੱਚ ਵਿਚਰਦੀਆਂ ਨਜ਼ਰ ਆਉਂਦੀਆਂ ਹਨ। ਉਨ੍ਹਾਂ ਨੂੰ ਇਹੀ ਸਿਖਾ ਦਿੱਤਾ ਗਿਆ ਹੈ ਕਿ ਇਹ ਵੱਡਿਆਂ ਦੀ ਇੱਜ਼ਤ ਹੈ। ਹੈਰਾਨੀ ਤਾਂ ਉਦੋਂ ਹੋਈ, ਜਦੋਂ ਇੱਕ ਵੱਡੇ ਸਿਆਸੀ ਘਰਾਣੇ ਦੀ ਔਰਤ ਨੇ ਰਾਜਸਥਾਨ ਵਿੱਚ ਆਪਣੇ ਸਹੁਰੇ ਲਈ ਚੋਣ ਪ੍ਰਚਾਰ ਦੌਰਾਨ ਵੋਟਾਂ ਮੰਗਣ ਵੇਲੇ ਤਿੰਨ ਹੱਥ ਲੰਮਾ ਘੁੰਡ ਕੱਢਿਆ ਸੀ ਤੇ ਇਹ ਕਹਿ ਰਹੀ ਸੀ ਕਿ ਆਪਣੀ ਪਰਵਾਰਕ ਮਰਿਆਦਾ ਦਾ ਪਾਲਣ ਕਰ ਰਹੀ ਹੈ। ਇੰਜ ਹੀ ਬੁਰਕੇ ਵਿੱਚ ਬੰਦ ਔਰਤਾਂ ਏਨੀ ਹਿੰਮਤ ਕਿਉਂ ਨਹੀਂ ਕਰ ਸਕਦੀਆਂ ਕਿ ਇਕੋ ਝਟਕੇ ਵਿੱਚ ਇਸ ਬੰਧਨ ਤੋਂ ਆਜ਼ਾਦ ਹੋ ਜਾਣ। ਤੀਹਰਾ ਤਲਾਕ ਭਾਰਤ ਸਰਕਾਰ ਨੇ ਖ਼ਤਮ ਕਰ ਦਿੱਤਾ, ਪਰ ਜ਼ਿਕਰ ਯੋਗ ਹੈ ਕਿ ਸਰਕਾਰ ਦੇ ਕਾਨੂੰਨ ਬਣਾਉਣ ਤੋਂ ਪਹਿਲਾਂ ਮੁਸਲਮਾਨ ਔਰਤਾਂ ਦਾ ਇੱਕ ਵਰਗ ਲੱਖਾਂ ਦੀ ਗਿਣਤੀ ਵਿੱਚ ਇਸ ਕਾਨੂੰਨ ਦੇ ਖ਼ਿਲਾਫ਼ ਸੜਕਾਂ ਉਤੇ ਆ ਗਿਆ ਸੀ। ਹੈਰਾਨੀ ਦੀ ਗੱਲ ਹੈ ਕਿ ਹਲਾਲਾ ਦੇ ਨਾਂ ਉਤੇ ਵੀ ਔਰਤਾਂ ਜ਼ੁਲਮ ਸਹਿੰਦੀਆਂ ਸਨ। ਸਵਾਲ ਹੈ ਕਿ ਕਿਉਂ? ਕੀ ਧਰਮ, ਪਰਵਾਰ ਅਤੇ ਸਮਾਜ ਦਾ ਦਬਾਅ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਹ ਚਾਹ ਕੇ ਵੀ ਇਸ ਤੋਂ ਆਜ਼ਾਦ ਨਹੀਂ ਹੋ ਸਕਦੀਆਂ। ਜਿਸ ਦਿਨ ਦੇਸ਼ ਦੀਆਂ ਔਰਤਾਂ ਪਰਦਾ ਪ੍ਰਥਾ ਖ਼ਤਮ ਕਰਨਾ ਚਾਹੁਣਗੀਆਂ, ਉਨ੍ਹਾਂ ਲਈ ਇੱਕੋ ਦਿਨ ਕਾਫੀ ਹੋਵੇਗਾ, ਪਰ ਕੋਈ ਤਾਂ ਆਵੇ।

ਘੁੰਡ ਅਤੇ ਬੁਰਕੇ ਦੀ ਗੱਲ ਛੱਡੋ, ਜੇ ਅਖੌਤੀ ਸਸ਼ਕਤ ਔਰਤਾਂ ਦੀ ਗੱਲ ਕਰੀਏ, ਜਿਨ੍ਹਾਂ ਨੇ ਪੰਚ ਸਰਪੰਚ ਤੋਂ ਲੈ ਕੇ ਹੋਰ ਪ੍ਰਸ਼ਾਸਕੀ ਅਹੁਦੇ ਪ੍ਰਾਪਤ ਕੀਤੇ, ਉਨ੍ਹਾਂ ਵਿੱਚੋਂ ਸ਼ਾਇਦ ਦੋ ਫ਼ੀਸਦੀ ਹੀ ਆਪਣੇ ਅਹੁਦੇ ਤੇ ਅਧਿਕਾਰਾਂ ਦੀ ਆਪ ਵਰਤੋਂ ਕਰਦੀਆਂ ਹੋਣਗੀਆਂ। ਇਹ ਸੱਚ ਹੈ ਕਿ ਜਦੋਂ ਰਾਖਵੇਂਕਰਨ ਕਾਰਨ ਸਿਆਸਤ ਵਿੱਚ ਸਰਗਰਮ ਆਦਮੀ ਚੋਣਾਂ ਨਹੀਂ ਲੜ ਸਕਦੇ ਤਾਂ ਉਨ੍ਹਾਂ ਦੇ ਪਰਵਾਰ ਦੀਆਂ ਔਰਤਾਂ ਨੂੰ ਟਿਕਟ ਮਿਲਦੀ ਹੈ। ਚੋਣ ਔਰਤ ਜਿੱਤਦੀ ਹੈ, ਪਰ ਪੰਚ ਸਰਪੰਚ ਅਤੇ ਚੇਅਰਮੈਨ ਉਨ੍ਹਾਂ ਦੇ ਪਤੀ ਬਣਦੇ ਹਨ। ਇਥੇ ਔਰਤਾਂ ਨੂੰ ਸਵਾਲ ਇਹ ਹੈ ਕਿ ਕੀ ਉਨ੍ਹਾਂ ਨੂੰ ਇਨ੍ਹਾਂ ਅਹੁਦਿਆਂ ਦੇ ਅਧਿਕਾਰ ਪਤਾ ਨਹੀਂ, ਚਲੋ ਘੱਟ ਤੋਂ ਘੱਟ ਕਰਤੱਵ ਤਾਂ ਯਾਦ ਹੋਣੇ ਹੀ ਚਾਹੀਦੇ ਹਨ। ਔਰਤ ਮੈਂਬਰਾਂ ਨੂੰ ਨਿਗਮ ਦੀਆਂ ਮੀਟਿੰਗਾਂ ਤੋਂ ਇਲਾਵਾ ਬਹੁਤ ਘੱਟ ਵੇਖਿਆ ਜਾਂਦਾ ਹੈ। ਇਸ ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਮੈਂਬਰ ਔਰਤਾਂ ਦੇ ਪਤੀਆਂ ਉਤੇ ਸ਼ਿਕੰਜਾ ਕੱਸਣ ਲਈ ਕਾਨੂੰਨ ਬਣਾਇਆ ਸੀ। ਅੱਜਕੱਲ੍ਹ ਮੈਂਬਰ ਔਰਤਾਂ ਦੇ ਪਤੀ ਬੇਝਿਜਕ ਹੋ ਕੇ ਵੱਡੇ-ਵੱਡੇ ਪ੍ਰੋਗਰਾਮਾਂ ਦੀ ਸ਼ੋਭਾ ਬਣਦਿਆਂ ਆਪਣੇ ਗਲੇ ਵਿੱਚ ਹਾਰ ਪਵਾਉਂਦੇ ਵੇਖੇ ਜਾਂਦੇ ਹਨ। ਬਹੁਤੀਆਂ ਅਹੁਦੇਦਾਰ ਔਰਤਾਂ ਨੇ ਪਰਵਾਰ ਟੁੱਟਣ ਦੇ ਡਰ ਤੋਂ ਪੂਰਾ ਆਤਮ-ਸਮਰਪਣ ਕਰ ਦਿੱਤਾ ਤੇ ਆਪਣੇ ਅਹੁਦੇ ਦੀ ਮੋਹਰ ਪਤੀ ਦੇ ਹੱਥਾਂ ਵਿੱਚ ਦੇ ਕੇ ਦਸਖ਼ਤ ਕਰਨ ਦੀ ਛੋਟ ਵੀ ਦੇ ਦਿੱਤੀ। ਸਰਕਾਰੀ ਤੰਤਰ ਦੀ ਇੰਨੀ ਜੁਰਅੱਤ ਨਹੀਂ ਕਿ ਇਹ ਗ਼ੈਰਕਾਨੂੰਨੀ ਕੰਮ ਰੋਕ ਸਕੇ। ਸ਼ਿਕਾਇਤ ਆਪਣੀਆਂ ਪਤਨੀਆਂ ਦੇ ਹੱਕ ਖੋਹਣ ਵਾਲਿਆਂ ਤੋਂ ਨਹੀਂ, ਸਗੋਂ ਉਨ੍ਹਾਂ ਤੋਂ ਹੈ, ਜਿਨ੍ਹਾਂ ਦੇ ਅਧਿਕਾਰ ਖੋਹੇ ਜਾਂਦੇ ਹਨ ਜਾਂ ਜੋ ਆਪ ਹੀ ਸਮਰਪਿਤ ਕਰ ਦਿੰਦੀਆਂ ਹਨ। ਪਿੰਡਾਂ ਦੀ ਗੱਲ ਛੱਡੋ, ਸ਼ਹਿਰਾਂ ਦੀਆਂ ਪੜ੍ਹੀਆਂ-ਲਿਖੀਆਂ ਅਹੁਦੇਦਾਰ, ਨਗਰ ਪੰਚਾਇਤ ਦੀਆਂ ਮੈਂਬਰ ਔਰਤਾਂ ਵੀ ਇਸ ਰਸਤੇ ਉਤੇ ਚੱਲ ਰਹੀਆਂ ਹਨ।

ਸਵਾਲ ਇਹ ਹੈ ਕਿ ਕੀ ਨਾਰੀ ਦਿਵਸ ਦੇ ਜਸ਼ਨ ਮਨਾ ਕੇ ਅਹੁਦੇਦਾਰ ਔਰਤਾਂ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਜਾਣਗੀਆਂ ਜਾਂ ਇਨ੍ਹਾਂ ਦੇ ਪਰਵਾਰਾਂ ਦੇ ਪੁਰਸ਼ ਇਨ੍ਹਾਂ ਤੋਂ ਲੋਕ ਪ੍ਰਤੀਨਿਧਾਂ ਦੇ ਖੋਹੇ ਅਧਿਕਾਰ ਇਨ੍ਹਾਂ ਵਾਪਸ ਕਰ ਦੇਣਗੇ? ਸੱਚ ਇਹ ਹੈ ਕਿ ਅਧਿਕਾਰ ਕੋਈ ਦਿੰਦਾ ਨਹੀਂ, ਲਏ ਜਾਂਦੇ ਹਨ।

ਮੇਰਾ ਸਵਾਲ ਉਨ੍ਹਾਂ ਔਰਤਾਂ ਨੂੰ ਵੀ ਹੈ, ਜਿਹੜੀਆਂ ਉਨ੍ਹਾਂ ਮੰਦਿਰਾਂ ਵਿੱਚ ਜਾ ਕੇ ਢੋਲਕੀਆਂ ਵਜਾਉਂਦੀਆਂ, ਭਜਨ ਗਾਉਂਦੀਆਂ ਤੇ ਲੰਗਰ ਪਕਾਉਂਦੀਆਂ ਹਨ, ਜਿਨ੍ਹਾਂ ਮੰਦਿਰਾਂ ਵਿੱਚ ਔਰਤਾਂ ਦੇ ਦਾਖ਼ਲ ਹੋਣ 'ਤੇ ਪਾਬੰਦੀ ਹੈ, ਉਹ ਮੂਰਤੀਆਂ ਦੇ ਨਜ਼ਦੀਕ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਅਪਵਿੱਤਰ ਕਹਿ ਕੇ ਅਪਮਾਨਿਤ ਕੀਤਾ ਜਾਂਦਾ ਹੈ, ਫਿਰ ਵੀ ਉਹ ਉਥੇ ਜਾਣਾ ਛੱਡਣ ਨੂੰ ਤਿਆਰ ਨਹੀਂ। ਵੱਡੇ-ਵੱਡੇ ਸਮਾਗਮਾਂ ਵਿੱਚ ਸਿੱਖਿਅਤ ਔਰਤਾਂ ਨੇ ਵੀ ਇਹ ਦਲੀਲ ਦਿੱਤੀ ਕਿ ਮੰਦਰ ਵਿਸ਼ੇਸ਼ ਵਿੱਚ ਜਾਣ ਤੋਂ ਰੋਕਿਆ ਜਾਂਦਾ ਹੈ ਤਾਂ ਕੀ ਹਰਜ਼ ਹੈ। ਔਰਤਾਂ ਨੂੰ ਕੁਝ ਮੰਦਰਾਂ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਜਾਂਦਾ ਹੈ, ਪਰ ਕਿਸੇ ਮੰਦਰ ਨੇ ਇਹ ਹੁਕਮ ਨਹੀਂ ਦਿੱਤਾ ਕਿ ਔਰਤਾਂ ਆ ਕੇ ਸੋਨਾ ਚਾਂਦੀ ਨਾ ਚੜ੍ਹਾਉਣ, ਲੰਗਰ ਨਾ ਪਕਾਉਣ, ਦਾਨ ਦੱਖਣਾ ਨਾ ਦੇਣ। ਇਹ ਸਾਰੀਆਂ ਸੇਵਾਵਾਂ ਔਰਤਾਂ ਹੀ ਕਰਦੀਆਂ ਹਨ। ਅਫ਼ਸੋਸ! ਕੇਂਦਰ ਸਰਕਾਰ ਦੀ ਇੱਕ ਮੰਤਰੀ ਨੇ ਵੀ ਕੁਝ ਵਿਸ਼ੇਸ਼ ਮੰਦਰਾਂ ਵਿੱਚ ਔਰਤਾਂ ਨੂੰ ਨਾ ਜਾਣ ਦੇਣ ਨੂੰ ਉਚਿਤ ਠਹਿਰਾਇਆ।

ਅਜਿਹੇ ਅਨੇਕਾਂ ਸਵਾਲ ਹਨ। ਹਿੰਦੋਸਤਾਨ ਵਿੱਚ ਹਰ ਸਾਲ ਬਹੁਤ ਸਾਰੀਆਂ ਔਰਤਾਂ ਨੂੰ ਡੈਣ ਕਹਿ ਕੇ ਮਾਰ ਦਿੱਤਾ ਜਾਂਦਾ ਹੈ। ਜਦੋਂ ਕਿਸੇ ਔਰਤ ਨੂੰ ਡੈਣ ਕਹਿ ਕੇ ਮਾਰਿਆ ਜਾਂਦਾ ਹੈ ਤਾਂ ਉਥੇ ਬਹੁਤ ਸਾਰੀਆਂ ਔਰਤਾਂ ਮੌਜੂਦ ਹੁੰਦੀਆਂ ਹਨ। ਕੋਈ ਵਿਰੋਧ ਵੀ ਨਹੀਂ ਕਰਦਾ। ਸ਼ਾਇਦ ਉਨ੍ਹਾਂ ਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ ਹੈ। ਨਾਰੀ ਦਿਵਸ ਹਿੰਦੋਸਤਾਨ ਨੇ ਮਨਾਇਆ ਹੈ, ਅੱਗੇ ਤੋਂ ਮਨਾਉਂਦਾ ਵੀ ਰਹੇਗਾ, ਪਰ ਸਹੀ ਮਾਅਨਿਆਂ ਵਿੱਚ ਨਾਰੀ ਦਿਵਸ ਉਦੋਂ ਸਾਰਥਕ ਹੋਵੇਗਾ ਜਦੋਂ ਦੁਨੀਆਂ ਭਰ ਵਿੱਚ ਔਰਤਾਂ ਨੂੰ ਮਾਨਸਿਕ ਤੇ ਸਰੀਰਕ ਰੂਪ ਵਿੱਚ ਸੰਪੂਰਨ ਆਜ਼ਾਦੀ ਮਿਲੇਗੀ, ਉਨ੍ਹਾਂ ਨੂੰ ਦਹੇਜ ਦੇ ਲਾਲਚ ਵਿੱਚ ਜਿਉਂਦਿਆਂ ਨਹੀਂ ਸਾੜਿਆ ਜਾਵੇਗਾ, ਕੰਨਿਆ ਭਰੂਣ ਹੱਤਿਆ ਨਹੀਂ ਕੀਤੀ ਜਾਵੇਗੀ, ਬਲਾਤਕਾਰ ਨਹੀਂ ਕੀਤਾ ਜਾਵੇਗਾ, ਉਨ੍ਹਾਂ ਨੂੰ ਵੇਚਿਆ ਨਹੀਂ ਜਾਵੇਗਾ, ਭਾਰਤ ਜਿਹੇ ਦੇਸ਼ ਵਿੱਚ ਵੇਸਵਾਗਿਰੀ ਖ਼ਤਮ ਹੋ ਜਾਵੇਗੀ। ਜਦੋਂ ਸਮਾਜ ਵਿੱਚ ਅਜਿਹੀ ਸਭਿਆਚਾਰਕ ਇਨਕਲਾਬ ਆਵੇਗਾ ਜਿਸ ਵਿੱਚ ਔਰਤਾਂ ਸਨਮਾਨ ਨਾਲ ਅਤੇ ਸੁਰੱਖਿਅਤ ਰਹਿ ਸਕਣਗੀਆਂ ਤਾਂ ਨਾਰੀ ਦਿਵਸ ਸਾਰਥਿਕ ਹੋਵੇਗਾ।

# TICKETS 2 INDIA

## (587) 419-0511



**Flights from**
**Toronto (YYZ) - Delhi (DEL) - Toronto**
## CAD 1196
**Return**

**Flights from**
**Vancouver (YVR) - Delhi (DEL) - Vancouver**
## CAD 1203
**Return**

**Authorized agents for**

AIR CANADA
Lufthansa
AIR CHINA
QATAR AIRWAYS القطرية
Fly Emirates
एअर इंडिया AIR INDIA
UNITED AIRLINES
BRITISH AIRWAYS
الاتحاد ETIHAD AIRWAYS

ਸਾਨੂੰ ਹੇਠਲੇ ਦਿੱਤੇ ਨੰਬਰ ਤੇ ਸੰਪਰਕ ਕਰੋ ਅਤੇ ਆਪਣੇ ਲਈ ਵਧੀਆ ਡੀਲ ਲਵੋ

ਅੱਜ ਹੀ ਸਾਨੂੰ ਫੋਨ ਘੁਮਾਓ ਅਤੇ ਆਪਣੀਆਂ ਸੀਟਾਂ ਦੀ ਬੁਕਿੰਗ ਕਰਵਾਓ

ਇਹ ਆਫਰ ਸੀਟਾਂ ਦੇ ਖਤਮ ਹੋਣ ਤੱਕ ਹੀ ਹੈ



**Cruise sale from $140 per day only**

ਕੀ ਤੁਸੀਂ ਸਸਤੀਆਂ ਅਤੇ ਕਮਰਸ਼ੀਅਲ ਏਅਰ ਟਰੇਵਲ ਡੀਲਾਂ ਦੀ ਭਾਲ ਵਿੱਚ ਹੋ ?

ਘੱਟ ਕੀਮਤ ਦਾ ਪਤਾ ਲਗਾਓ, ਅਸੀਂ ਤੁਹਾਨੂੰ 200% ਫਰਕ ਵਾਪਸ ਕਰ ਦੇਵਾਂਗੇ

www.ticket2-india.com
10050 - 112th Street Suites 904 & 1001, Edmonton, AB T5K 2J1, Canada

## (587) 419-0511

tickets2indiaca@gmail.com

ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।



## ਅਭੈ ਚੌਟਾਲਾ ਨੇ ਭਰਾ ਨੂੰ ਕਿਹਾ:

## ਗਲਤ ਫਹਿਮੀ ਨਾ ਪਾਲੋ, ਬੇਟੇ ਦੁਸ਼ਯੰਤ ਤੋਂ ਅਸਤੀਫਾ ਦਿਵਾ ਦਿਓ, ਹਸਤੀ ਪਤਾ ਚਲ ਜਾਵੇਗੀ



ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਇਸਰਾਨਾ ਰੈਲੀ ਵਿੱਚ ਅਜੈ ਚੌਟਾਲਾ ਦੇ ਬਿਆਨ ਤੋਂ ਭੜਕੇ ਇਨੈਲੋ ਵਿਧਾਇਕ ਅਭੈ ਚੌਟਾਲਾ ਨੇ ਆਪਣੇ ਭਰਾ ਤੇ ਭਤੀਜੇ ਦੁਸ਼ਯੰਤ ਚੌਟਾਲਾ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਦੋਨੋਂ ਆਪਣੇ-ਆਪਣੇ ਵਿਧਾਨ ਸਭਾ ਖੇਤਰਾਂ ਤੋਂ ਅਸਤੀਫਾ ਦੇ ਕੇ ਦੁਬਾਰਾ ਚੋਣਾਂ ਲੜਨ ਤਾਂ ਅਸਲਿਅਤ ਪਤਾ ਲੱਗ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਚੋਣਾਂ ਹਾਰਨ 'ਤੇ ਉਹ ਰਾਜਨੀਤੀ ਤੋਂ ਸੰਨਿਆਸ ਲੈ ਲੈਣਗੇ ਅਤੇ ਦੁਸ਼ਯੰਤ ਨੂੰ ਹਰਾਉਣ 'ਤੇ ਓਮ ਪ੍ਰਕਾਸ਼ ਚੌਟਾਲਾ ਦੇ ਪੈਰਾਂ ਵਿੱਚ ਗਿਰ ਕੇ ਮਾਫ਼ੀ ਮੰਗਣੀ ਹੋਵੇਗੀ।

ਵਰਨਣ ਯੋਗ ਹੈ ਕਿ ਇਸਰਾਨਾ ਰੈਲੀ ਵਿੱਚ ਅਜੈ ਚੌਟਾਲਾ ਨੇ ਕਿਹਾ ਸੀ ਕਿ ਉਸ ਦੇ ਕਾਰਨ ਹੀ ਉਸ ਦੇ ਛੋਟੇ ਭਰਾ ਅਭੈ ਚੌਟਾਲਾ ਚੋਣਾਂ ਜਿੱਤੇ ਹਨ। ਅਭੈ ਚੌਟਾਲਾ ਨੇ ਆਪਣੇ ਵੱਡੇ ਭਰਾ ਦੇ ਦਾਅਵੇ ਨੂੰ ਰੱਦ ਕਰ ਕੇ ਦੋਵਾਂ ਪਿਤਾ-ਪੁੱਤਰਾਂ ਨੂੰ ਚੋਣ ਮੈਦਾਨ ਵਿੱਚ ਉਤਰਨ ਦੇ ਲਈ ਲਲਕਾਰਿਆ ਹੈ। ਚੰਡੀਗੜ੍ਹ ਵਿੱਚ ਪਾਰਟੀ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਭੈ ਚੌਟਾਲਾ ਨੇ ਕਿਹਾ ਕਿ ਅਜੈ ਚੌਟਾਲਾ ਨੂੰ ਗਲਤ ਫਹਿਮੀ ਨਹੀਂ ਪਾਲਣੀ ਚਾਹੀਦੀ ਕਿ ਉਹ ਉਨ੍ਹਾਂ ਦੀ ਬਦੌਲਤ ਵਿਧਾਇਕ ਬਣੇ ਹਨ। ਅਜੈ ਚੌਟਾਲਾ ਅਤੇ ਉਨ੍ਹਾਂ ਦੇ ਬੇਟੇ ਦੁਸ਼ਯੰਤ ਨੇ ਲੱਖਾਂ ਲੋਕਾਂ ਨਾਲ ਧੋਖਾ ਕੀਤਾ ਹੈ। ਇਨੈਲੋ ਤੋਂ ਵੱਖ ਦੋਵਾਂ ਨੇ ਜਨਨਾਇਕ ਜਨਤਾ ਪਾਰਟੀ ਬਣਾਈ ਤੇ ਜਨਤਾ ਨੇ ਭਾਜਪਾ ਦੇ ਖ਼ਿਲਾਫ਼ ਵੋਟ ਦਿੱਤੇ ਸੀ, ਪਰ ਉਨ੍ਹਾਂ ਦੀ ਗੋਦ ਵਿੱਚ ਹੀ ਜਾ ਕੇ ਬੈਠ ਗਏ। ਉਨ੍ਹਾਂ ਕਿਹਾ ਕਿ ਦੁਸ਼ਯੰਤ ਅੱਜ ਤੱਕ ਉਚਾਨਾ ਵਿਧਾਨ ਸਭਾ ਖੇਤਰ ਵਿੱਚ ਧੰਨਵਾਦੀ ਦੌਰਾ ਤੱਕ ਨਹੀਂ ਕਰ ਸਕੇ। ਅਭੈ ਚੌਟਾਲਾ ਨੇ ਕਿਹਾ ਕਿ ਅਜੈ ਚੌਟਾਲਾ ਅਤੇ ਦੁਸ਼ਯੰਤ ਨੇ ਦੇਵੀਲਾਲ ਦੀ ਨੀਤੀਆਂ ਨੂੰ ਲਾਗੂ ਕਰਨ, ਨੌਜਵਾਨਾਂ ਨੂੰ ਰੋਜ਼ਗਾਰ ਅਤੇ 5100 ਰੁਪਏ ਪੈਂਸ਼ਨ ਦੇਣ ਸਮੇਤ ਕਈ ਮੁੱਦਿਆਂ 'ਤੇ ਲੋਕਾਂ ਨੂੰ ਲਾਲਚ ਦਿੱਤਾ ਸੀ।

## ਦਸ ਰੁਪਏ ਦੇ ਨੋਟ ਖਿਲਾਰ ਕੇ ਕੈਸ਼ ਵੈਨ ਵਿੱਚੋਂ 71 ਲੱਖ ਉਡਾਏ

ਫਰੀਦਾਬਾਦ, 17 ਮਾਰਚ (ਪੋਸਟ ਬਿਊਰੋ)- ਇਥੇ ਬੈਂਕ ਆਫ ਇੰਡੀਆ ਦੇ ਏ ਟੀ ਐੱਮ ਵਿੱਚ ਨਕਦੀ ਪਾਉਣ ਪਹੁੰਚੀ ਕੈਸ਼ ਵੈਨ ਵਿੱਚੋਂ ਬਦਮਾਸ਼ 71 ਲੱਖ ਰੁਪਿਆਂ ਨਾਲ ਭਰਿਆ ਬਕਸਾ ਚੁੱਕ ਕੇ ਲੈ ਗਏ। ਉਨ੍ਹਾਂ ਨੇ ਗਨਮੈਨ ਨੂੰ ਝੂਠ ਬੋਲ ਕੇ ਬੈਂਕ ਦੇ ਅੰਦਰ ਭੇਜ ਦਿੱਤਾ ਅਤੇ ਚਾਲਕ ਦੇ ਸਾਹਮਣੇ 10 ਰੁਪਏ ਦੇ ਨੋਟ ਖਿਲਾਰ ਕੇ ਭਟਕਾ ਦਿੱਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਹਿਤਾਚੀ ਪੇਮੈਂਟ ਸਰਵਿਸ ਕੰਪਨੀ ਦੀ ਕੈਸ਼ ਵੈਨ ਦੁਪਹਿਰ ਵੇਲੇ ਬੀ ਕੇ-ਹਾਰਡਵੇਅਰ ਰੋਡ ਸਥਿਤ ਬੈਂਕ ਆਫ ਇੰਡੀਆ ਦੇ ਏ ਟੀ ਐੱਮ ਵਿੱਚ ਨਕਦੀ ਪਾਉਣ ਪਹੁੰਚੀ। ਉਸ ਵਿੱਚ ਦੋ ਕੈਸ਼ ਹੈਂਡਲਰ ਅਨਿਰੁਧ ਅਤੇ ਦੀਪਕ, ਗਨਮੈਨ ਧਰਮਵੀਰ ਅਤੇ ਚਾਲਕ ਮੁਕੇਸ਼ ਮੌਜੂਦ ਸਨ। ਵੈਨ ਬੈਂਕ ਦੇ ਬਾਹਰ ਖੜ੍ਹੀ ਕਰ ਕੇ ਅਨਿਰੁਧ ਅਤੇ ਦੀਪਕ ਬੈਂਕ ਮੈਨੇਜਰ ਤੋਂ ਏ ਟੀ ਐੱਮ ਵਿੱਚ ਕੈਸ਼ ਪਾਉਣ ਦੇ ਫਾਰਮ 'ਤੇ ਦਸਖ਼ਤ ਕਰਾਉਣ ਚਲੇ ਗਏ ਤਾਂ ਇੱਕ ਨੌਜਵਾਨ ਨੇ ਆ ਕੇ ਗਨਮੈਨ ਨੂੰ ਕਿਹਾ ਕਿ ਉਸ ਨੂੰ ਬੈਂਕ ਵਿੱਚ ਬੁਲਾਇਆ ਹੈ। ਗਨਮੈਨ ਬੈਂਕ ਅੰਦਰ ਚਲਾ ਗਿਆ। ਇਸ ਦੇ ਬਾਅਦ ਚਾਲਕ ਦਾ ਧਿਆਨ ਵੈਨ ਨੇੜੇ ਖਿਲਰੇ ਨੋਟਾਂ ਵੱਲ ਦਿਵਾਇਆ। ਚਾਲਕ ਵੈਨ 'ਚੋਂ ਉਤਰ ਕੇ ਨੋਟ ਚੁੱਕਣ ਲੱਗਾ। ਇਸ ਦੌਰਾਨ ਬਦਮਾਸ਼ਾਂ ਨੇ ਵੈਨ ਦਾ ਦਰਵਾਜ਼ਾ ਖੋਲ੍ਹ ਕੇ ਰੁਪਿਆਂ ਨਾਲ ਭਰਿਆ ਬਕਸਾ ਚੁੱਕਿਆ ਅਤੇ ਫਰਾਰ ਹੋ ਗਏ।

## ਕੋਰੋਨਾ ਨੂੰ ਰੋਕਣ ਲਈ ਕਿਉਂ ਚਾਹੀਦੇ ਹਨ 30 ਦਿਨ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਿਰੁੱਧ ਲੜਾਈ ਵਿੱਚ ਦੇਸ਼ ਦੇ ਚੋਟੀ ਦੇ ਵਿਗਿਆਨੀ ਅਗਲੇ ਮਹੀਨੇ ਨੂੰ ਕਾਫ਼ੀ ਅਹਿਮ ਮੰਨ ਰਹੇ ਹਨ। ਆਈ ਸੀ ਐਮ ਆਰ ਦੇ ਮੁਖੀ ਡਾ. ਬਲਰਾਮ ਭਾਰਗਵ ਦੇ ਮੁਤਾਬਕ ਆਉਂਦੇ 30 ਦਿਨਾਂ ਤੱਕ ਇਹ ਤੈਅ ਹੋਵੇਗਾ ਕਿ ਦੇਸ਼ ਵਿੱਚ ਕੋਰੋਨਾ ਦਾ ਅਸਰ ਕਿੰਨਾ ਹੋਵੇਗਾ। ਉਂਝ ਡਾ. ਬਲਰਾਮ ਭਾਰਗਵ ਕੋਰੋਨਾ ਦੇ ਤੀਜੇ ਪੜਾਅ ਤੱਕ ਪੁੱਜਣ ਯਾਨੀ, ਜਨਤਕ ਫੈਲਾਅ ਨੂੰ ਯਕੀਨੀ ਮੰਨ ਰਹੇ ਹਨ ਪਰ ਨਾਲ ਹੀ ਇਹ ਵੀ ਆਖ ਰਹੇ ਹਨ ਕਿ ਅਗਲੇ 30 ਦਿਨਾਂ ਵਿੱਚ ਤੈਅ ਹੋਵੇਗਾ ਕਿ ਕੋਰੋਨਾ ਵਿਰੁੱਧ ਸਾਡੀ ਜੰਗ ਕਿੰਨੀ ਸਟੀਕ ਹੈ।

ਵਾਇਰਸ ਦੇ ਫੈਲਣ ਦੇ ਵੱਖੋ-ਵੱਖ ਪੜਾਵਾਂ ਦਾ ਜ਼ਿਕਰ ਕਰ ਕੇ ਡਾ. ਭਾਰਗਵ ਨੇ ਕਿਹਾ ਕਿ ਪਹਿਲੇ ਪੜਾਅ ਵਿੱਚ ਇਹ ਦੇਸ਼ ਵਿੱਚ ਦਾਖ਼ਲ ਹੁੰਦਾ ਹੈ, ਜਿਹੜਾ ਕੋਰੋਨਾ ਦੇ ਮਾਮਲੇ ਵਿੱਚ 30 ਜਨਵਰੀ ਨੂੰ ਕੇਰਲ ਵਿੱਚ ਚੀਨ ਤੋਂ ਆਏ ਤਿੰਨ ਮਰੀਜ਼ਾਂ ਦੇ ਨਾਲ ਸ਼ੁਰੂ ਹੋਇਆ ਸੀ। ਵਾਇਰਸ ਦੇ ਫੈਲਣ ਮਗਰੋਂ ਦੂਜੀ ਸਟੇਜ ਉਦੋਂ ਆਉਂਦੀ ਹੈ ਜਦੋਂ ਪਰਦੇਸ ਤੋਂ ਆਏ ਕੋਰੋਨਾ ਵਾਇਰਸ ਵਾਲੇ ਵਿਅਕਤੀ ਤੋਂ ਦੇਸ਼ ਦੇ ਹੋਰ ਲੋਕਾਂ ਨੂੰ ਇਸ ਦੀ ਇੰਫੈਕਸ਼ਨ ਹੋਣ ਲੱਗਦੀ ਹੈ। ਇਹ ਇੰਫੈਕਸ਼ਨ ਵਾਲੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਉਣ ਵਾਲੇ ਤੱਕ ਸੀਮਤ ਰਹਿੰਦਾ ਹੈ। ਆਗਰਾ ਦੇ ਪਰਵਾਰ ਦੇ ਛੇ ਜੀਆਂ ਅਤੇ ਕੇਰਲ ਵਿੱਚ ਫਰਵਰੀ ਦੇ ਅਖ਼ੀਰ ਵਿੱਚ ਕੁਝ ਲੋਕਾਂ ਵਿੱਚ ਇਸ ਤਰ੍ਹਾਂ ਦੀ ਕੋਰੋਨਾ ਇੰਫੈਕਸ਼ਨ ਹੋਈ ਹੈ। ਪਹਿਲੇ ਪੜਾਅ ਤੋਂ ਸਟੇਜ ਤੱਕ ਪੁੱਜਣ ਵਿੱਚ ਮਹੀਨੇ ਦਾ ਸਮਾਂ ਲੱਗਾ ਹੈ। ਵਾਇਰਸ ਦੇ ਫੈਲਣ ਵਿੱਚ ਤੀਜਾ ਪੜਾਅ ਬੇਹੱਦ ਅਹਿਮ ਹੁੰਦਾ ਹੈ, ਜਦੋਂ ਉਹ ਆਮ ਲੋਕਾਂ ਵਿੱਚ ਫੈਲਣ ਲੱਗਦਾ ਹੈ ਤਾਂ ਵੱਡੀ ਅਬਾਦੀ ਵਿੱਚ ਵਾਇਰਸ ਪੁੱਜਣ ਮਗਰੋਂ ਇਹ ਮਹਾਮਾਰੀ ਦਾ ਰੂਪ ਧਾਰ ਜਾਂਦਾ ਹੈ।



ਕੋਰੋਨਾ ਦੀ ਸਥਿਤੀ ਵਿੱਚ ਭਾਰਤ ਤੀਜੀ ਸਟੇਜ ਯਾਨੀ ਕਿ ਕਮਿਊਨਿਟੀ ਟ੍ਰਾਂਸਮਿਸ਼ਨ ਨਹੀਂ ਸ਼ੁਰੂ ਹੋਈ ਹੈ। ਇਹੋ ਵਜ੍ਹਾ ਹੈ ਕਿ ਤੇਜ਼ੀ ਨਾਲ ਵਧਣ ਪਿੱਛੋਂ ਭਾਰਤ ਵਿੱਚ ਕੋਰੋਨਾ ਵਾਲੇ ਮਰੀਜ਼ਾਂ ਦੀ ਗਿਣਤੀ 114 ਤੱਕ ਪਹੁੰਚੀ ਹੈ। ਭਾਰਤ ਵਿੱਚ 17 ਦਿਨਾਂ ਬਾਅਦ 15 ਫਰਵਰੀ ਨੂੰ ਕੋਰੋਨਾ ਦੇ ਪਹਿਲੇ ਮਰੀਜ਼ ਦੇ ਇਟਲੀ ਵਿੱਚ ਪਾਏ ਜਾਣ ਕਾਰਨ ਉਥੇ ਇਸ ਦੇ ਮਰੀਜ਼ਾਂ ਦੀ ਗਿਣਤੀ 25 ਹਜ਼ਾਰ ਤੋਂ ਵੱਧ ਤੱਕ ਪਹੁੰਚ ਗਈ ਹੈ।

## ਦਿੱਲੀ ਦਾ ਪਹਿਲਾ ਕੋਰੋਨਾ ਮਰੀਜ਼ ਠੀਕ ਹੋ ਗਿਆ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਦੇ ਦਿੱਲੀ ਸ਼ਹਿਰ ਵਿੱਚ ਮਿਲਣ ਦਾ ਸਿਲਸਿਲਾ ਜਾਰੀ ਹੈ। ਇਸ ਦੌਰਾਨ ਦਿੱਲੀ ਦੇ ਪਹਿਲੇ ਕੋਰੋਨਾ ਪਾਜੀਟਿਵ ਮਰੀਜ਼ ਰੋਹਿਤ ਦੱਤਾ ਠੀਕ ਹੋ ਕੇ ਹਸਪਤਾਲ ਤੋਂ ਘਰ ਜਾ ਚੁੱਕੇ ਹਨ। ਦੱਤਾ ਪਹਿਲੇ ਵਿਅਕਤੀ ਹਨ, ਜਿਨ੍ਹਾਂ ਨੂੰ ਦਿੱਲੀ ਵਿੱਚ ਕੋਰੋਨਾ ਪਾਜੀਟਿਵ ਨਿਕਲਿਆ ਸੀ।

ਇਸ ਸੰਬੰਧ ਵਿੱਚ ਰੋਹਿਤ ਦੱਤਾ ਨੇ ਆਪਣਾ ਤਜਰਬਾ ਸਾਂਝਾ ਕੀਤਾ ਅਤੇ ਦੱਸਿਆ ਕਿ ਮੈਂ ਇਟਲੀ ਤੇ ਫਿਰ ਹੰਗਰੀ ਦੇ ਬੁੱਡਾਪੇਸਟ ਵਿੱਚ 21 ਜਨਵਰੀ ਨੂੰ ਗਿਆ, 25 ਫਰਵਰੀ ਨੂੰ ਵਾਪਸ ਭਾਰਤ ਮੁੜਿਆ ਅਤੇ ਉਸੇ ਰਾਤ ਮੈਨੂੰ 99.5 ਡਿਗਰੀ ਫਾਰੇਨਹਾਈਟ ਬੁਖਾਰ ਹੋ ਗਿਆ। 26 ਫਰਵਰੀ ਨੂੰ ਮੈਂ ਡਾਕਟਰ ਕੋਲ ਗਿਆ, ਤਿੰਨ ਦਿਨ ਦਵਾਈ ਖਾਧੀ, ਉਸ ਦੇ ਬਾਅਦ 28 ਫਰਵਰੀ ਨੂੰ ਫਿਰ ਬੁਖਾਰ ਡਾਊਨ ਹੋਇਆ। ਉਨ੍ਹਾਂ ਕਿਹਾ ਕਿ ਡਾਕਟਰ ਨੇ ਮੈਨੂੰ ਆਰ ਐਮ ਐਲ ਹਸਪਤਾਲ ਭੇਜ ਦਿੱਤਾ। 29 ਫਰਵਰੀ ਨੂੰ ਮੈਂ ਓਥੇ ਗਿਆ, ਫਾਰਮ ਵਿੱਚ ਬੁਖਾਰ ਟਿਕ ਗਿਆ, ਉਸ ਦੇ ਬਾਅਦ ਉਥੇ ਮੈਨੂੰ ਭਰਤੀ ਕਰ ਲਿਆ ਗਿਆ। ਇੱਕ ਮਾਰਚ ਨੂੰ ਰਿਪੋਰਟ ਵਿੱਚ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਦੀ ਪੁਸ਼ਟੀ ਹੋਈ। ਉਸ ਪਿੱਛੋਂ ਮੈਨੂੰ ਇੱਕ ਵੱਖਰੇ ਵਾਰਡ ਵਿੱਚ ਰੱਖਿਆ ਗਿਆ, ਉਥੇ ਡਾਕਟਰ ਤੇ ਸਟਾਫ ਬੜੇ ਚੰਗੇ ਸਨ। ਉਨ੍ਹਾਂ ਦੱਸਿਆ ਕਿ ਜਦ ਮੈਂ ਇਟਲੀ ਤੋਂ ਮੁੜਿਆ ਤਾਂ ਬੇਟੇ ਦੀ ਬਰਥ ਡੇਅ ਪਾਰਟੀ ਦਿੱਤੀ ਸੀ। 28 ਫਰਵਰੀ ਨੂੰ ਹਯਾਤ ਵਿੱਚ ਪਾਰਟੀ ਰੱਖੀ ਸੀ, ਜਿੱਥੇ ਕਰੀਬ 12-13 ਲੋਕ ਸਨ, ਜਦ ਕੋਰੋਨਾ ਨਾਲ ਪੀੜਤ ਹੋਣ ਦੀ ਪੁਸ਼ਟੀ ਹੋਈ ਤਾਂ ਪਰਵਾਰ ਦੇ ਸਾਰੇ ਮੈਂਬਰਾਂ ਦੇ ਨਾਲ ਉਨ੍ਹਾਂ ਦੋਸਤਾਂ ਦਾ ਵੀ ਕੋਰੋਨਾ ਜਾਂਚ ਹੋਈ, ਜਿਹੜੇ ਪਾਰਟੀ ਵਿੱਚ ਮੌਜੂਦ ਸਨ, ਪਰ ਇਨ੍ਹਾਂ ਸਾਰਿਆਂ ਦੀ ਰਿਪੋਰਟ ਨੈਗੇਟਿਵ ਆਈ।

ਰੋਹਿਤ ਨੇ ਦੱਸਿਆ ਕਿ ਇਸ ਦੌਰਾਨ ਮੈਂ ਇੱਕ ਘੰਟੇ ਲਈ ਦਫਤਰ ਵੀ ਗਿਆ ਸੀ, ਜਿੱਥੇ ਜਿਨ੍ਹਾਂ ਚਾਰ ਲੋਕਾਂ ਨੂੰ ਮਿਲਿਆ ਸੀ। ਉਨ੍ਹਾਂ ਸਾਰਿਆਂ ਦੀ ਜਾਂਚ ਹੋਈ ਅਤੇ ਉਨ੍ਹਾਂ ਦੀ ਰਿਪੋਰਟ ਵੀ ਨੈਗੇਟਿਵ ਆਈ। ਉਨ੍ਹਾਂ ਨੇ ਦੱਸਿਆ, ਜਦ ਮੈਂ ਵਾਇਰਸ ਤੋਂ ਮੁਕਤ ਹੋ ਗਿਆ ਤਾਂ ਮੈਨੂੰ ਪਿਛਲੇ ਸ਼ਨੀਵਾਰ ਛੱਡ ਦਿੱਤਾ ਗਿਆ, ਅਜੇ ਮੈਂ ਘਰ ਹਾਂ, ਪਰ ਮੈਂ ਅਜੇ ਵੀ ਘਰ ਵਿੱਚ ਵੱਖਰਾ ਰਹਿਣ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਨੇ ਦੱਸਿਆ ਕਿ ਆਈਸੋਲੇਸ਼ਨ ਵਾਰਡ ਕੋਈ ਕਾਲ-ਕੋਠਰੀ ਨਹੀਂ ਹੈ, ਸਰਕਾਰ ਨੇ ਸਭ ਸਹੂਲਤਾਂ ਕੀਤੀਆਂ ਹੋਈਆਂ ਹਨ। ਰੋਹਿਤ ਨੇ ਕਿਹਾ, ਜਦ ਮੈਂ ਇਟਲੀ ਵਿੱਚ ਸੀ ਤਾਂ ਉਥੇ 21 ਫਰਵਰੀ ਨੂੰ ਕੋਰੋਨਾ ਦਾ ਕੋਈ ਮਾਮਲਾ ਨਹੀਂ ਸੀ। ਕੋਰੋਨਾ ਦੀ ਪਹਿਲੀ ਖ਼ਬਰ ਇਟਲੀ ਵਿੱਚ 22 ਫਰਵਰੀ ਨੂੰ ਆਈ ਸੀ।

## ਸਾਬਕਾ ਬਿਸ਼ਪ ਮੁਲੱਕਲ ਉੱਤੇ ਬਲਾਤਕਾਰ ਦਾ ਕੇਸ ਚੱਲੇਗਾ

ਕੋਟਾਯਮ, 17 ਮਾਰਚ (ਪੋਸਟ ਬਿਊਰੋ)- ਕੇਰਲ ਵਿੱਚ ਨੰਨ ਨਾਲ ਬਲਾਤਕਾਰ ਦੇ ਦੋਸ਼ੀ ਸਾਬਕਾ ਬਿਸ਼ਪ ਫਰੈਂਕੋ ਮੁਲੱਕਲ 'ਤੇ ਮੁਕੱਦਮਾ ਚੱਲਣਾ ਤੈਅ ਹੋ ਗਿਆ ਹੈ। ਇਥੋਂ ਦੀ ਇੱਕ ਟਰਾਇਲ ਕੋਰਟ ਨੇ ਕੱਲ੍ਹ ਦੋਸ਼ ਮੁਕਤ ਕਰਨ ਸੰਬੰਧੀ ਉਸ ਦੀ ਅਰਜ਼ੀ ਰੱਦ ਕਰ ਦਿੱਤੀ। ਮਾਮਲੇ ਦੀ ਸੁਣਵਾਈ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਐਡੀਸ਼ਨਲ ਜ਼ਿਲਾ ਅਤੇ ਸੈਸ਼ਨ ਜੱਜ-1 ਵਿੱਚ ਦਾਖਲ ਅਰਜ਼ੀ ਵਿੱਚ ਜਲੰਧਰ ਦੇ ਸਾਬਕਾ ਬਿਸ਼ਪ ਮੁਲੱਕਲ ਨੇ ਇਹ ਦਾਅਵਾ ਕੀਤਾ ਸੀ ਕਿ ਪਹਿਲੀ ਨਜ਼ਰ ਵਿੱਚ ਉਸ ਦੇ ਖਿਲਾਫ ਦੋਸ਼ ਦਾ ਕੋਈ ਕੇਸ ਨਹੀਂ ਬਣਦਾ। ਸਰਕਾਰੀ ਪੱਖ ਨੇ ਇਸ 'ਤੇ ਇਤਰਾਜ਼ ਜਤਾਇਆ। ਅਰਜ਼ੀ ਰੱਦ ਕਰਦੇ ਹੋਏ ਕੋਰਟ ਨੇ ਕਿਹਾ ਕਿ ਮੁਲੱਕਲ ਨੂੰ ਬਲਾਤਕਾਰ ਮਾਮਲੇ ਵਿੱਚ ਟਰਾਇਲ ਦਾ ਸਾਹਮਣਾ ਕਰਨਾ ਚਾਹੀਦਾ ਹੈ। ਮੁਲੱਕਲ ਦੇ ਵਕੀਲ ਨੇ ਕਿਹਾ ਕਿ ਉਹ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ। ਮੁਲੱਕਲ ਨੇ ਇਹ ਅਪੀਲ ਇਸੇ ਸਾਲ ਸੱਤ ਜਨਵਰੀ ਵਿੱਚ ਓਦੋਂ ਦਾਖਲ ਕੀਤੀ ਸੀ, ਜਦ ਮਾਮਲੇ ਦੀ ਸ਼ੁਰੂਆਤੀ ਸੁਣਵਾਈ ਹੋਣ ਵਾਲੀ ਸੀ। ਜੂਨ 2018 ਵਿੱਚ ਦਰਜ ਕਰਾਈ ਰਿਪੋਰਟ ਵਿੱਚ ਨੰਨ ਨੇ ਕਿਹਾ ਸੀ ਕਿ ਬਿਸ਼ਪ ਮੁਲੱਕਲ ਨੇ ਉਸ ਦਾ ਸਾਲ 2014-16 ਦੇ ਵਿੱਚ ਯੌਨ ਸ਼ੋਸ਼ਣ ਕੀਤਾ। ਕੇਸ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਨੇ ਮੁਲੱਕਲ ਨੂੰ 21 ਸਤੰਬਰ 2018 ਨੂੰ ਗ੍ਰਿਫਤਾਰ ਕੀਤਾ ਸੀ। 16 ਅਕਤੂਬਰ 2018 ਨੂੰ ਉਸ ਨੂੰ ਜ਼ਮਾਨਤ ਮਿਲ ਗਈ ਸੀ। ਕੇਰਲ ਪੁਲਸ ਨੇ ਮੁਲੱਕਲ ਦੇ ਖਿਲਾਫ 1400 ਪੰਨਿਆਂ ਦਾ ਦੋਸ਼ ਪੱਤਰ ਦਾਖਲ ਕੀਤਾ ਹੈ।

## ਪੁਰਾਣੀਆਂ ਕਾਰਾਂ ਵੀ ਮਾਰੂਤੀ ਕੰਪਨੀ ਖ਼ਰੀਦਣ ਲੱਗੀ




ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਨਵੀਂਆਂ ਕਾਰਾਂ ਦੀ ਵਿਕਰੀ ਤੋਂ ਸਭ ਕਾਰ ਕੰਪਨੀਆਂ ਪਰੇਸ਼ਾਨ ਹਨ। ਇਸ ਲਈ ਸਭ ਤੋਂ ਵੱਡੀ ਕਾਰ ਕੰਪਨੀ ਮਾਰੂਤੀ ਸੁਜ਼ੂਕੀ ਨੇ ਪੁਰਾਣੀਆਂ ਕਾਰਾਂ ਨੂੰ ਖ਼ਰੀਦਣ ਦੇ ਕਾਰੋਬਾਰ 'ਚ ਉਤਰਨ ਦਾ ਐਲਾਨ ਕੀਤਾ ਹੈ। ਕੰਪਨੀ ਹਾਲੇ ਤੱਕ ਪੁਰਾਣੀਆਂ ਕਾਰਾਂ ਦੀ ਅਦਲਾ-ਬਦਲੀ ਕਰਦੀ ਸੀ ਤੇ ਇਸ ਲਈ ਟਰੂ-ਵੈਲਿਊ ਨਾਂ ਨਾਲ ਨੈਟਵਰਕ ਚਲਾਉਂਦੀ ਹੈ, ਪਰ ਅੱਗੋਂ ਕਿਸੇ ਵੀ ਕੰਪਨੀ ਦੀਆਂ ਪੁਰਾਣੀਆਂ ਕਾਰਾਂ ਨੂੰ ਖ਼ਰੀਦੇਗੀ ਤੇ ਇਨ੍ਹਾਂ ਕਾਰਾਂ ਨੂੰ ਰੇਨੋਵੇਟ ਕਰ ਕੇ ਦੂਜੇ ਗਾਹਕਾਂ ਨੂੰ ਵੇਚਿਆ ਜਾਵੇਗਾ।

ਮਾਰੂਤੀ ਸੁਜ਼ੂਕੀ ਦੇ ਕਾਰਜਕਾਰੀ ਡਾਇਰੈਕਟਰ (ਮਾਰਕੀਟਿੰਗ ਅਤੇ ਸੇਲਜ਼) ਸ਼ਸ਼ਾਂਕ ਸ੍ਰੀਵਾਸਤਵ ਨੇ ਦੱਸਿਆ ਕਿ ਭਾਰਤ 'ਚ ਵਰਤੀਆਂ ਗਈਆਂ ਕਾਰਾਂ ਦੀ ਵਿਕਰੀ ਲਗਾਤਾਰ ਵਧਣ ਵਾਲੀ ਹੈ। ਪਿਛਲੇ ਸਾਲ ਦੇਸ਼ ਜਿੱਥੇ 15 ਲੱਖ ਨਵੀਂਆਂ ਕਾਰਾਂ ਦੀ ਵਿਕਰੀ ਕੀਤੀ ਗਈ, ਉਥੇ 35 ਲੱਖ ਪੁਰਾਣੀਆਂ ਕਾਰਾਂ ਦੀ ਵਿਕਰੀ ਹੋਈ। ਇਹ ਸਿਲਾਸਿਲਾ ਅੱਗੇ ਵੀ ਜਾਰੀ ਰਹੇਗਾ ਕਿਉਂਕਿ ਦੇਸ਼ 'ਚ ਬਹੁਤ ਸਾਰੇ ਦੋਪਹੀਆ ਵਾਹਨ ਚਾਲਕ ਹਨ ਜੋ ਸੈਕਿੰਡ ਹੈਂਡ ਕਾਰ ਖ਼ਰੀਦਣਗੇ। ਇਹੀ ਕਾਰਨ ਹੈ ਕਿ ਅਸੀਂ ਇਸ ਬਾਜ਼ਾਰ 'ਚ ਉਤਰਨ ਦਾ ਫ਼ੈਸਲਾ ਕੀਤਾ ਹੈ। ਮਾਰੂਤੀ ਸੁਜ਼ੂਕੀ ਨੇ ਟਰੂ ਵੈਲਿਊ ਨੈਟਵਰਕ ਤੋਂ 2019-20 ਦੌਰਾਨ ਹਾਲੇ ਤੱਕ ਚਾਰ ਲੱਖ ਪੁਰਾਣੀਆਂ ਕਾਰਾਂ ਵੇਚੀਆਂ ਹਨ। ਇਹ ਕਾਰਾਂ ਕੰਪਨੀ ਤੋਂ ਨਵੀਂ ਕਾਰ ਖ਼ਰੀਦਣ ਵਾਲੇ ਗਾਹਕਾਂ ਦੀਆਂ ਹੁੰਦੀਆਂ ਹਨ, ਜੋ ਆਪਣੀ ਪੁਰਾਣੀ ਕਾਰ ਅਕਸਚੇਂਜ ਕਰਦੇ ਹਨ।

ਕੰਪਨੀ ਨੇ ਪੁਰਾਣੀਆਂ ਕਾਰਾਂ ਦੀ ਕੀਮਤ ਤੈਅ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨੀਕ ਵਿਕਸਿਤ ਕੀਤੀ ਹੈ ,ਜੋ ਪੂਰੀ ਤਰ੍ਹਾਂ ਪਾਰਦਰਸ਼ੀ ਹੋਵੇਗੀ ਤੇ ਗਾਹਕਾਂ ਨੂੰ ਬਹੁਤ ਹੀ ਆਸਾਨੀ ਨਾਲ ਉਨ੍ਹਾਂ ਦੀ ਕਾਰ ਦੀ ਕੀਮਤ ਦੇਣ ਦੀ ਸਹੂਲਤ ਦੇਵੇਗੀ। 280 ਸ਼ਹਿਰਾਂ 'ਚ 570 ਆਊਟਲੇਟਸ ਜ਼ਰੀਏ ਇਹ ਸਰਵਿਸ ਸ਼ੁਰੂ ਕੀਤੀ ਜਾ ਰਹੀ ਹੈ।

## ਦਿੱਲੀ ਦੰਗੇ ਮਾਮਲੇ ਵਿਚ ਸੀ ਸੀ ਟੀ ਵੀ ਫੁਟੇਜ ਬਾਰੇ ਕੇਂਦਰ, ਪੁਲਸ ਤੇ ਦਿੱਲੀ ਸਰਕਾਰ ਤੋਂ ਜਵਾਬ ਤਲਬ



ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਉੱਤਰ-ਪੂਰਬੀ ਦਿੱਲੀ ਵਿੱਚ ਹੋਈ ਹਿੰਸਾ ਦੇ ਨਾਲ ਸਬੰਧਤ ਸੀ ਸੀ ਟੀ ਵੀ ਫੁਟੇਜ ਸੰਭਾਲਣ ਬਾਰੇ ਦਿੱਲੀ ਪੁਲਸ ਨੂੰ ਹਦਾਇਤਾਂ ਜਾਰੀ ਕਰਨ ਬਾਰੇ ਦਾਇਰ ਕੀਤੀ ਅਰਜ਼ੀ 'ਤੇ ਹਾਈ ਕੋਰਟ ਨੇ ਕੇਂਦਰ ਸਰਕਾਰ, ਪੁਲਸ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਜਵਾਬ ਮੰਗਿਆ ਹੈ।

ਚੀਫ਼ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਸੀ. ਹਰੀ ਸ਼ੰਕਰ ਨੇ ਨੋਟਿਸ ਜਾਰੀ ਕਰ ਕੇ ਅਗਲੀ ਸੁਣਵਾਈ 27 ਮਾਰਚ 'ਤੇ ਪਾ ਦਿੱਤੀ ਹੈ। ਇਹ ਪਟੀਸ਼ਨ ਜਮੀਅਤ ਉਲੇਮਾ-ਏ-ਹਿੰਦ ਵੱਲੋਂ ਦਾਇਰ ਕੀਤੀ ਗਈ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਪੁਲਸ ਨੂੰ 23 ਫਰਵਰੀ ਤੋਂ ਪਹਿਲੀ ਮਾਰਚ ਤੱਕ ਹੋਈ ਹਿੰਸਾ ਦੀ ਫੁਟੇਜ ਸਾਂਭਣ ਦੇ ਹੁਕਮ ਦਿੱਤੇ ਜਾਣ। ਸਬੂਤ ਇਕੱਠੇ ਕੀਤੇ ਜਾਣ ਤੱਕ ਮਲਬਾ ਵੀ ਨਾ ਹਟਾਇਆ ਜਾਵੇ। ਹਿੰਸਾ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਨ ਤੇ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਮੰਗ ਵੀ ਕੀਤੀ ਗਈ ਹੈ। ਜਾਂਚ ਦੀ ਜ਼ਿੰਮੇਵਾਰੀ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਨੂੰ ਸੌਂਪਣ ਦੀ ਮੰਗ ਵੀ ਜਮੀਅਤ ਨੇ ਕੀਤੀ ਹੈ। ਪਟੀਸ਼ਨ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜ਼ਿੰਮੇਵਾਰਾਂ ਵਿਰੁੱਧ ਸ਼ਿਕਾਇਤ ਦਰਜ ਨਹੀਂ ਕੀਤੀ ਜਾ ਰਹੀ।

## ਕੇਂਦਰ ਸਰਕਾਰ ਟੈਲੀਕਾਮ ਕੰਪਨੀਆਂ ਨੂੰ ਸਾਹ ਸੌਖਾ ਕਰਨ ਦੇ ਲਈ ਸੁਪਰੀਮ ਕੋਰਟ ਪੁੱਜੀ



ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਪਿਛਲੇ ਦੋ ਦਹਾਕਿਆਂ ਤੋਂ ਐਡਜਸਟਿਡ ਕੁੱਲ ਮਾਲੀਏ (ਏ ਜੀ ਆਰ) ਵਜੋਂ ਟੈਲੀਕਾਮ ਵਿਭਾਗ ਦੇ ਬਕਾਏ ਦੇ ਕੇਸ ਵਿੱਚ ਟੈਲੀਕਾਮ ਕੰਪਨੀਆਂ ਨੂੰ ਰਾਹਤ ਦੇਣ ਦੀ ਮੰਗ ਕੀਤੀ ਹੈ। ਸਰਕਾਰ ਨੇ ਕਿਹਾ ਕਿ ਟੈਲੀਕਾਮ ਕੰਪਨੀਆਂ ਨੂੰ ਰਾਹਤ ਦਾ ਸਾਹ ਦਿਵਾਉਣ ਅਤੇ ਅਰਥਚਾਰੇ ਨੂੰ ਇਸ ਦੇ ਅਸਰ ਤੋਂ ਬਚਾਉਣ ਲਈ ਉਸ ਵੱਲੋਂ ਤਿਆਰ ਫਾਰਮੂਲੇ ਨੂੰ ਅਮਲ ਵਿੱਚ ਲਿਆਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ਸੁਣਨ ਪਿੱਛੋਂ ਕੇਂਦਰ ਦੀ ਅਰਜ਼ੀ ਨੂੰ ਉਸੇ ਬੈਂਚ ਕੋਲ ਸੂਚੀਬੱਧ ਕਰਨ ਦੀ ਹਦਾਇਤ ਕੀਤੀ, ਜਿਸ ਨੇ 24 ਅਕਤੂਬਰ 2019 ਨੂੰ ਏ ਜੀ ਆਰ ਦੀ ਅਦਾਇਗੀ, ਜੋ ਕਿ ਕਰੀਬ 1.74 ਲੱਖ ਕਰੋੜ ਰੁਪਏ ਬਣਦੀ ਹੈ, ਸਬੰਧੀ ਫੈਸਲਾ ਸੁਣ-ਾਇਆ ਸੀ।

ਇਸ ਤੋਂ ਪਹਿਲਾਂ ਮਹਿਤਾ ਨੇ ਕੇਂਦਰ ਸਰਕਾਰ ਦਾ ਪੱਖ ਰੱਖਦਿਆਂ ਇਸ ਅਰਜ਼ੀ ਉੱਤੇ ਫੌਰੀ ਸੁਣਵਾਈ ਕਰਨ ਦੀ ਮੰਗ ਕਰਦਿਆਂ ਤਰਕ ਦਿੱਤਾ ਕਿ ਜੇ ਟੈਲੀਕਾਮ ਕੰਪਨੀਆਂ ਉਨ੍ਹਾਂ ਸਿਰ ਬਕਾਇਆ ਮੋਟੀਆਂ ਅਦਾਇਗੀਆਂ ਦੇ ਚੱਕਰ ਵਿੱਚ ਦੀਵਾਲੀਆ ਹੋ ਗਈਆਂ ਤਾਂ ਇਸ ਦਾ ਟੈਲੀਕਾਮ ਸੈਕਟਰ 'ਤੇ ਵੱਡਾ ਅਸਰ ਪਏਗਾ। ਬੈਂਚ ਨੇ ਸਾਫ਼ ਕਰ ਦਿੱਤਾ ਕਿ ਉਸ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਅਸਲ ਬੈਂਚ, ਕੋਵਿਡ-19 ਮਹਮਾਰੀ ਦੇ ਮੱਦੇਨਜ਼ਰ ਜਾਰੀ ਇਹਤਿਆਤੀ ਦਿਸ਼ਾ ਨਿਰਦੇਸ਼ਾਂ ਕਰਕੇ ਕਦੋਂ ਮੁੜ ਜੁੜੇਗਾ।

## ਜੰਮੂ ਟਾਡਾ ਕੋਰਟ ਨੇ ਯਾਸੀਨ ਮਲਿਕ ਤੇ ਹੋਰਨਾਂ ਖਿਲਾਫ ਦੋਸ਼ ਤੈਅ ਕੀਤੇ



ਜੰਮੂ, 17 ਮਾਰਚ (ਪੋਸਟ ਬਿਊਰੋ)- ਜੰਮੂ ਵਿੱਚ ਟਾਡਾ (ਅੱਤਵਾਦੀ ਅਤੇ ਭੰਨ-ਤੋੜ ਗਤੀਵਿਧੀ ਐਕਟ) ਬਾਰੇ ਕੋਰਟ ਨੇ ਕੱਲ੍ਹ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐੱਲ ਐੱਫ) ਦੇ ਨੇਤਾ ਯਾਸੀਨ ਮਲਿਕ ਅਤੇ ਹੋਰਨਾਂ ਦੇ ਖਿਲਾਫ 1990 ਵਿੱਚ ਭਾਰਤੀ ਹਵਾਈ ਫੌਜ (ਆਈ ਏ ਐੱਫ) ਦੇ ਚਾਰ ਅਧਿਕਾਰੀਆਂ ਦੀ ਹੱਤਿਆ ਦੇ ਕੇਸ ਵਿੱਚ ਦੋਸ਼ ਤੈਅ ਕੀਤੇ। ਕੋਰਟ ਨੇ ਇਸ ਕੇਸ ਦੇ ਸਾਰੇ ਦੋਸ਼ੀਆਂ ਉੱਤੇ ਆਰ ਪੀ ਸੀ ਦੀ ਧਾਰਾ 302, 307, ਟਾਡਾ ਐਕਟ 1987 ਅਤੇ ਆਰਮਜ਼ ਐਕਟ 1959 ਸਮੇਤ ਹੋਰਨਾਂ ਧਾਰਾਵਾਂ ਵਿੱਚ ਵੱਖ-ਵੱਖ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ ਹਨ।

ਇਸ ਸੰਬੰਧ ਵਿੱਚ ਕੋਰਟ ਨੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਤੀਹ ਮਾਰਚ ਤੱਕ ਇਸ ਕੇਸ ਦੇ ਗਵਾਹ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਵਰਣਨ ਯੋਗ ਹੈ ਕਿ ਮੌਜੂਦਾ ਕੇਸ ਪਿਛਲੇ ਤੀਹ ਸਾਲਾਂ ਤੋਂ ਦੋਸ਼ ਤੈਅ ਕਰਨ ਦੀ ਦਲੀਲ ਉੱਤੇ ਪੈਂਡਿੰਗ ਹੈ। ਕੋਰਟ ਨੇ ਯਾਸੀਨ ਮਲਿਕ, ਅਲੀ ਮੁਹੰਮਦ ਮੀਰ, ਮੰਜੂਰ ਅਹਿਮਦ ਸੋਫੀ ਉਰਫ ਮੁਸਤਫਾ, ਜਾਵੇਦ ਅਹਿਮਦ ਮੀਰ ਉਰਫ ਨਾਲਕਾ, ਨਾਨਾ ਜੀ ਉਰਫ ਸਲੀਮ, ਜਾਵੇਦ ਅਹਿਮਦ ਜਰਗਰ ਅਤੇ ਸ਼ੌਕਤ ਅਹਿਮਦ ਬਖਸ਼ੀ ਦੇ ਖਿਲਾਫ ਦੋਸ਼ ਤੈਅ ਕੀਤੇ ਹਨ।

## 25 ਹਜ਼ਾਰ ਖਾਤਿਆਂ ਵਿੱਚ ਪੰਜ ਕਰੋੜ ਜਮ੍ਹਾ, ਇਹ ਰਕਮ ਬਜ਼ੁਰਗਾਂ ਦੇ ਭਲੇ ਲਈ ਲਾਈ ਜਾਵੇਗੀ

ਛੱਤੀਸਗੜ੍ਹ ਵਿੱਚ ਨਵਾਂ ਕਦਮ



ਰਾਏਪੁਰ, 17 ਮਾਰਚ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਸਾਰੇ ਡਾਕਘਰਾਂ ਵਿੱਚ ਲੋਕਾਂ ਦੇ 24,560 ਅਜਿਹੇ ਖਾਤੇ ਹਨ, ਜਿਨ੍ਹਾਂ ਵਿੱਚ ਥੋੜ੍ਹੀ-ਥੋੜ੍ਹੀ ਰਕਮ ਹੈ, ਪਰ ਪਿਛਲੇ 10 ਸਾਲ ਤੋਂ ਇਨ੍ਹਾਂ 'ਚੋਂ ਕਿਸੇ ਨੇ ਨਾ ਪੈਸੇ ਕਢਵਾਏ ਤੇ ਨਾ ਜਮ੍ਹਾ ਕੀਤੇ ਹਨ। ਸਾਰਿਆਂ ਨੂੰ ਮਿਲਾ ਕੇ ਇਹ ਰਕਮ ਪੰਜ ਕਰੋੜ ਰੁਪਏ ਤੋਂ ਵੱਧ ਹੋ ਗਈ ਹੈ। ਕਿਉਂਕਿ ਖਾਤੇ ਆਪਰੇਟਿਵ ਨਹੀਂ ਹਨ, ਇਸ ਲਈ ਡਾਕ ਵਿਭਾਗ ਇਹ ਰਕਮ ਲੈ ਕੇ ਸੀਨੀਅਰ ਸਿਟੀਜਨ ਭਲਾਈ ਫੰਡ ਵਿੱਚ ਜਮ੍ਹਾ ਲੱਗਾ ਹੈ। ਇਸ ਫੰਡ ਨਾਲ ਬਜ਼ੁਰਗਾਂ ਦੇ ਕਲਿਆਣ ਦੇ ਕਈ ਤਰ੍ਹਾਂ ਦੇ ਸਮਾਜਕ ਕੰਮ ਕਰਨ ਦਾ ਪਲਾਨ ਹੈ।

ਰਾਏਪੁਰ ਦੇ ਪੋਸਟ ਆਫਿਸ ਅਧਿਕਾਰੀ ਐੱਚ ਕੇ ਮਹਾਵਰ ਨੇ ਕਿਹਾ, ਤਕਰੀਬਨ 25 ਹਜ਼ਾਰ ਖਾਤਿਆਂ ਦੇ ਮਾਲਕਾਂ ਦੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਖਾਤੇ ਵਿੱਚ ਰਕਮ ਜਮ੍ਹਾ ਕਰਾਉਣ ਵਾਲੇ ਲੋਕ ਅੱਜਕੱਲ੍ਹ ਕਿੱਥੇ ਹਨ? ਹਰ ਡਾਕਘਰ ਦੇ ਬਾਹਰ ਨੋਟਿਸ ਲਾਇਆ ਗਿਆ ਕਿ ਜੇ ਕਿਸੇ ਦਾ ਖਾਤਾ ਹੈ ਤਾਂ ਉਹ ਆ ਕੇ ਇਸ ਨੂੰ ਚਾਲੂ ਕਰਵਾਉਣ। ਵਿਭਾਗ ਨੇ ਪਹਿਲਾਂ ਹੀ ਨੋਟਿਸ ਵਿੱਚ ਕਿਹਾ ਸੀ ਕਿ 29 ਫਰਵਰੀ ਤੱਕ ਇਨ੍ਹਾਂ ਖਾਤਿਆਂ ਦੇ ਮਾਲਕ ਸਾਹਮਣੇ ਨਾ ਆਏ ਤਾਂ ਇਹ ਰਕਮ ਸੀਨੀਅਰ ਸਿਟੀਜਨ ਭਲਾਈ ਫੰਡ ਵਿੱਚ ਜਮ੍ਹਾ ਕਰਾਈ ਜਾਏਗੀ। ਇਸ ਲਈ ਵਿਭਾਗ ਨੇ ਪ੍ਰਕਿਰਿਆ ਸ਼ੁਰੂ ਕੀਤੀ ਹੈ। ਅਧਿਕਾਰੀਆਂ ਦੇ ਮੁਤਾਬਕ ਇਨ੍ਹਾਂ ਖਾਤਿਆਂ ਵਿੱਚ 100 ਰੁਪਏ ਤੋਂ 10 ਹਜ਼ਾਰ ਅਤੇ ਇਸ ਤੋਂ ਜ਼ਿਆਦਾ ਰਕਮ ਜਮ੍ਹਾ ਹੈ। ਕੁਝ ਖਾਤੇ ਅਜਿਹੇ ਵੀ ਹਨ, ਜਿਨ੍ਹਾਂ ਵਿੱਚ ਪੰਜਾਹ ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਜਮ੍ਹਾ ਹਨ, ਪਰ ਉਨ੍ਹਾਂ ਨੂੰ ਕੋਈ ਵੀ ਆਪਰੇਟ ਨਹੀਂ ਕਰ ਰਿਹਾ।

## 32 ਸਾਲ ਪਹਿਲਾਂ ਹਵਾਈ ਹਾਦਸੇ ਵਿੱਚ ਬਚਣ ਵਾਲੇ ਵਿਅਕਤੀ ਦੀ ਮੌਤ

ਅਹਿਮਦਾਬਾਦ, 17 ਮਾਰਚ (ਪੋਸਟ ਬਿਊਰੋ)- ਗੁਜਰਾਤ ਦੇ ਅਹਿਮਦਾਬਾਦ ਵਿੱਚ 32 ਸਾਲ ਪਹਿਲਾਂ 1988 ਵਿੱਚ ਹੋਏ ਇੱਕ ਹਵਾਈ ਹਾਦਸੇ ਦੌਰਾਨ ਜ਼ਿੰਦਾ ਬਚਣ ਵਾਲੇ ਦੋ ਵਿਅਕਤੀਆਂ ਵਿੱਚੋਂ ਇੱਕ ਦੀ ਕੱਲ੍ਹ ਮੌਤ ਹੋ ਗਈ। ਉਸ ਦੀ ਲਾਸ਼ ਪ੍ਰਹਿਲਾਦ ਨਗਰ ਵਾਲੇ ਉਸ ਦੇ ਘਰ ਤੋਂ ਮਿਲੀ। 61 ਸਾਲਾ ਅਸ਼ੋਕ ਅਗਰਵਾਲ ਆਪਣੇ ਘਰ ਇਕੱਲੇ ਰਹਿੰਦੇ ਸਨ। ਉਨ੍ਹਾਂ ਦੇ ਆਂਢ-ਗੁਆਂਢ ਦੇ ਲੋਕਾਂ ਨੇ ਬਦਬੂ ਆਉਣ 'ਤੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਬਰਾਮਦ ਕੀਤੀ। ਪਹਿਲੀ ਨਜ਼ਰੇ ਇਹ ਕੁਦਰਤੀ ਮੌਤ ਦਾ ਮਾਮਲਾ ਲੱਗਦਾ ਹੈ। ਵਰਨਣ ਯੋਗ ਹੈ ਕਿ 10 ਅਕਤੂਬਰ 1988 ਨੂੰ ਮੁੰਬਈ ਤੋਂ ਅਹਿਮਦਾਬਾਦ ਜਾਣ ਵਾਲੇ ਇੰਡੀਅਨ ਏਅਰਲਾਈਨਜ਼ ਦੇ ਇੱਕ ਹਵਾਈ ਜਹਾਜ਼ ਦੇ ਹਾਦਸੇ ਦਾ ਸ਼ਿਕਾਰ ਹੋ ਜਾਣ ਕਾਰਨ 133 ਵਿਅਕਤੀ ਮਾਰੇ ਗਏ ਸਨ। ਸਿਰਫ ਅਗਰਵਾਲ ਅਤੇ ਵਿਨੋਦ ਸ਼ੰਕਰ ਨਾਮੀ ਦੋ ਵਿਅਕਤੀ ਹੀ ਬਚ ਗਏ ਸਨ।

## ਸਾਬਕਾ ਚੀਫ ਜਸਟਿਸ ਗੋਗੋਈ ਰਾਜ ਸਭਾ ਲਈ ਨਾਮਜ਼ਦ



ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਗ੍ਰਹਿ ਮੰਤਰ-ਾਲਾ ਨੇ ਕੱਲ੍ਹ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਨੋਟੀਫਿਕੇਸ਼ਨ ਦੇ ਮੁਤਾ-ਬਕ ਸੰਵਿਧਾਨ ਦੀ ਧਾਰਾ 80 ਦੀਆਂ ਉਪ ਮੱਦਾਂ ਦੇ ਤਹਿਤ ਰਾਜ ਸਭਾ ਲਈ ਨਾਮਜ਼ਦ ਮੈਂਬਰਾਂ ਵਿੱਚੋਂ ਇੱਕ ਮੈਂਬਰ ਦੀ ਮਿਆਦ ਮੁਕੰਮਲ ਹੋਣ ਕਰਕੇ ਖ਼ਾਲੀ ਹੋਈ ਸੀਟ 'ਤੇ ਗੋਗੋਈ ਨੂੰ ਨਾਮਜ਼ਦ ਕੀਤਾ ਜਾ ਰਿਹਾ ਹੈ। ਇਹ ਸੀਟ ਕੇ ਟੀ ਐਸ ਤੁਲਸੀ ਦੀ ਰਾਜ ਸਭਾ ਮੈਂਬਰੀ ਦੀ ਮਿਆਦ ਮੁੱਕਣ ਕਾਰਨ ਖ਼ਾਲੀ ਹੋਈ ਪਈ ਹੈ। ਵਰਨਣ ਯੋਗ ਹੈ ਕਿ ਜਸਟਿਸ ਰੰਜਨ ਗੋਗੋਈ ਸੁਪਰੀਮ ਕੋਰਟ ਦੀ ਉਸ ਪੰਜ ਮੈਂਬਰੀ ਬੈਂਚ ਦੇ ਮੁਖੀ ਸਨ, ਜਿਸ ਨੇ ਪਿਛਲੇ ਸਾਲ ਨੌਂ ਨਵੰਬਰ ਨੂੰ ਸੰਵੇਦਨਸ਼ੀਲ ਅਯੁੱਧਿਆ ਵਿਵਾਦ 'ਤੇ ਫ਼ੈਸਲਾ ਸੁਣਾਇਆ ਸੀ। ਬਾਅਦ ਵਿੱਚ ਉਹ ਇਸੇ ਮਹੀਨੇ ਆਪਣੀ ਮਿਆਦ ਮੁਕੰਮਲ ਕਰ ਗਏ ਸਨ। ਉਨ੍ਹਾਂ ਨੇ ਸੁਪਰੀਮ ਕੋਰਟ ਦੀਆਂ ਉਨ੍ਹਾਂ ਬੈਂਚਾਂ ਦੀ ਪ੍ਰਧਾਨਗੀ ਕੀਤੀ ਸੀ, ਜਿਨ੍ਹਾਂ ਨੇ ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖ਼ਲੇ ਤੇ ਰਾਫੇਲ ਲੜਾਕੂ ਜਹਾਜ਼ ਸੌਦੇ ਦੇ ਕੇਸਾਂ 'ਤੇ ਫ਼ੈਸਲੇ ਸੁਣਾਏ ਸਨ। ਉਨ੍ਹਾਂ ਦੀ ਰਾਜ ਸਭਾ ਨਾਮਜ਼ਦਗੀ ਦੀ ਅਲੋਚਨਾ ਵੀ ਹੋ ਰਹੀ ਹੈ।



# 'ਅਜੇ ਜਵਾਨ ਹਾਂ ਮੈਂ, ਅਗਲੀ ਚੋਣ ਵੀ ਲੜਾਂਗਾ': ਕੈਪਟਨ ਅਮਰਿੰਦਰ




ਜਲੰਧਰ, 17 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭ ਚਰਚਿਆਂ ਤੇ ਰੋਕ ਲਾ ਕੇ ਕੱਲ੍ਹ ਐਲਾਨ ਕੀਤਾ ਕਿ ਉਹ ਸੂਬੇ ਵਿੱਚ ਅਗਲੀ ਵਿਧਾਨ ਦੀ ਚੋਣ ਵੀ ਜ਼ਰੂਰ ਲੜਨਗੇ। ਆਪਣੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਉਤੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਅਜੇ ਵੀ ਜਵਾਨ ਹਨ। ਉਨ੍ਹਾਂ ਸਵਾਲ ਪੁੱਛਣ ਵਾਲਿਆਂ ਨੂੰ ਪੁੱਛਿਆ ਕਿ ਕੀ ਉਹ ਸਮਝਦੇ ਹਨ ਕਿ ਮੈਂ ਇੰਨਾ ਬੁੱਢਾ ਹੋ ਗਿਆ ਹਾਂ ਕਿ ਅਗਲੀ ਚੋਣ ਨਹੀਂ ਲੜ ਸਕਦਾ?

ਕਾਂਗਰਸ ਪਾਰਟੀ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਕਾਂਗਰਸ 'ਚ ਮੌਜੂਦਾ ਸਮੇਂ ਵਿੱਚ ਭੂਮਿਕਾ ਅਤੇ ਸਟੇਟਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਧੂ ਵੀ ਕਾਂਗਰਸ ਦਾ ਹਿੱਸਾ ਹਨ। ਮੇਰਾ ਉਸ ਨਾਲ ਕੋਈ ਨਿੱਜੀ ਮੁੱਦਾ ਨਹੀਂ। ਸਿੱਧੂ ਵੱਲੋਂ ਪੰਜਾਬ ਦੇ ਮਾਮਲਿਆਂ ਬਾਰੇ ਕਾਂਗਰਸ ਹਾਈ ਕਮਾਂਡ ਨਾਲ ਮੁਲਾਕਾਤ ਕਰਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਪਾਰਟੀ ਵਿੱਚ ਕਿਸੇ ਨਾਲ ਕਿਸੇ ਵੀ ਮੁੱਦੇ 'ਤੇ ਗੱਲਬਾਤ ਕਰ ਸਕਦੇ ਹਨ। ਮੱਧ ਪ੍ਰਦੇਸ਼ ਦੇ ਘਟਨਾ ਚੱਕਰ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਟਿੱਪਣੀ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਹੀ ਕਰ ਸਕਦੀ ਹੈ। ਮੇਰਾ ਅਧਿਕਾਰ ਪੰਜਾਬ ਤੱਕ ਹੈ। ਉਨ੍ਹਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਿੱਤੀ ਜਾਂਦੀ ਬਿਜਲੀ ਦੀ ਸਬਸਿਡੀ ਨੂੰ ਡਰਾਮਾ ਕਰਾਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਦਿੱਲੀ ਤੋਂ ਕਈ ਗੁਣਾ ਵੱਧ ਬਿਜਲੀ ਸਬਸਿਡੀ ਕਿਸਾਨਾਂ, ਕਮਜ਼ੋਰ ਵਰਗਾਂ ਤੇ ਉਦਮੀਆਂ ਨੂੰ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਘਰੇਲੂ ਬਿਜਲੀ ਦੀਆਂ ਦਰਾਂ ਨੂੰ ਕਰਾਸ ਸਬਸਿਡੀ ਰਾਹੀਂ ਘੱਟ ਕੀਤਾ ਹੈ।

**ਕੈਪਟਨ ਸਰਕਾਰ ਦੇ ਤਿੰਨ ਸਾਲ ਹੋਏ ਪੂਰੇ**



## ਜਾਖੜ ਨੇ ਗਾਲਿਬ ਦੇ ਸ਼ੇਅਰ ਨਾਲ ਆਪਣੀ ਸਰਕਾਰ ਭਰੀ ਸੱਥ ਵਿੱਚ ਘੇਰੀ



ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਪ੍ਰਾਪਤੀਆਂ ਪੇਸ਼ ਕਰਨ ਦੇ ਵਕਤ ਇਸੇ ਸਟੇਜ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮਿਰਜ਼ਾ ਗਾਲਿਬ ਦੇ ਸਿਰਫ ਇੱਕ ਸ਼ੇਅਰ ਨਾਲ ਕੱਲ੍ਹ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ।

ਸੁਨੀਲ ਜਾਖੜ ਨੇ ਸ਼ਾਇਰਾਨਾ ਅੰਦਾਜ਼ ਵਿੱਚ ਕਿਹਾ ਕਿ "ਮੈਂ ਬੱਸ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ 'ਹਮ ਲਾਏਂ ਹੈਂ ਤੂਫਾਨ ਸੇ ਕਿਸ਼ਤੀ ਨਿਕਾਲ ਕੇ।' ਕਿਹਾ ਜਾ ਰਿਹਾ ਹੈ ਕਿ 5500 ਕਰੋੜ ਰੁਪਏ ਬਿਜਲੀ ਸਬਸਿਡੀ ਦਾ ਬਕਾਇਆ ਸੀ ਅਤੇ ਅਸੀਂ ਇਸ ਨੂੰ ਘਟਾ ਕੇ 2300 ਰੁਪਏ ਕਰ ਦਿੱਤਾ। ਬੇਸ਼ੱਕ ਇਸ ਲਈ ਕੈਪਟਨ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਕੋਸ਼ਿਸ਼ ਕਾਬਲ-ਏ-ਤਾਰੀਫ ਹੈ, ਪਰ ਜਨਤਾ ਆਰਥਿਕ ਹਿਸਾਬ ਨਹੀਂ ਜਾਣਦੀ। ਕੋਈ ਨਹੀਂ ਜਾਣਦਾ ਕਿ ਕਿਸ ਤੋਂ ਕਿਹੜੀ ਸਬਸਿਡੀ ਲੈਣੀ ਸੀ ਤੇ ਕਿਸ ਨੇ ਦੇਣੀ ਸੀ। ਜਨਤਾ ਨੂੰ ਉਦੋਂ ਪਤਾ ਲੱਗੇਗਾ ਜਦੋਂ ਬਿਜਲੀ ਦੇ ਯੂਨਿਟ ਵਿੱਚ ਦੋ ਰੁਪਏ ਦੀ ਕਟੌਤੀ ਹੋਵੇਗੀ। ਬਿਜਲੀ ਸਮਝੌਤਿਆਂ ਬਾਰੇ ਜਾਖੜ ਨੇ ਕਿਹਾ ਕਿ ਇਨ੍ਹਾਂ ਸਮਝੌਤਿਆਂ ਨੇ ਸਾਨੂੰ ਬੰਨ੍ਹ ਦਿੱਤਾ ਹੈ। ਪੰਜਾਬ 'ਚ ਥਰਮਲ ਪਲਾਂਟ ਲਾਏ ਗਏ, ਪਰ ਇਹ ਜੋਕ ਦੀ ਤਰ੍ਹਾਂ ਹਨ, ਜੋ ਜਨਤਾ ਦਾ ਖ਼ੂਨ ਚੂਸ ਰਹੇ ਹਨ। ਬੇਸ਼ੱਕ ਸਰਕਾਰ ਇਸ 'ਤੇ ਕੰਮ ਕਰ ਰਹੀ ਹੈ ਅਤੇ ਸਮਾਂ ਲੱਗ ਰਿਹਾ ਹੈ, ਇਸ ਕਾਰਨ ਸਰਕਾਰ ਦੀਆਂ ਆਲੋਚਨਾਵਾਂ ਵੀ ਹੋ ਰਹੀਆਂ ਹਨ। ਜਾਖੜ ਨੇ ਮੁੱਖ ਮੰਤਰੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਗੱਲ ਦਾ ਸੰਤੋਸ਼ ਕਰਨਾ ਚਾਹੀਦਾ ਹੈ ਕਿ ਆਲੋਚਨਾਵਾਂ ਵੀ ਉਥੇ ਹੀ ਹੁੰਦੀਆਂ ਹਨ, ਜਿੱਥੇ ਉਮੀਦ ਹੁੰਦੀ ਹੈ। ਗਾਲਿਬ ਦਾ ਸ਼ੇਅਰ ਪੜ੍ਹਦੇ ਹੋਏ ਜਾਖੜ ਨੇ ਕਿਹਾ ਕਿ 'ਜਬ ਤਵੱਕੋ ਹੀ ਉਠ ਗਈ ਗਾਲਿਬ, ਕਿਆ ਕਿਸੀ ਸੇ ਗਿਲਾ ਕਰੇ ਕੋਈ।'

ਜਾਖੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਬਹੁਤ ਉਮੀਦਾਂ ਹਨ। ਮੈਨੂੰ ਵੀ ਵਿਸ਼ਵਾਸ ਹੈ ਕਿ ਜਿਸ ਤਰ੍ਹਾਂ ਸਰਕਾਰ ਨੇ ਤਿੰਨ ਸਾਲ ਪੂਰੇ ਕੀਤੇ ਹਨ, ਆਉਂਦਾ ਸਮਾਂ ਵੀ ਬਿਹਤਰ ਹੋਵੇਗਾ ਤੇ ਚੁਣੌਤੀਆਂ ਵੀ ਆਉਣਗੀਆਂ। ਬਹਿਬਲ ਕਲਾਂ ਕੇਸ ਦਾ ਜ਼ਿਕਰ ਕਰਦਿਆਂ ਜਾਖੜ ਨੇ ਕਿਹਾ ਕਿ ਸਭ ਨੂੰ ਪਤਾ ਹੈ ਕਿ ਬਹਿਬਲ ਕਲਾਂ ਦਾ ਜਨਰਲ ਡਾਇਰ ਕੌਣ ਹੈ। ਸਰਕਾਰ ਇਨ੍ਹਾਂ ਦੋਸ਼ੀਆਂ ਨੂੰ ਚੁੱਕ ਕੇ ਜੇਲ੍ਹ 'ਚ ਸੁੱਟ ਸਕਦੀ ਹੈ। ਇਸ ਦੇ ਬਾਵਜੂਦ ਪੰਜਾਬ 'ਚ ਰੂਲ ਆਫ ਲਾਅ ਦੇ ਅਧੀਨ ਕੰਮ ਕੀਤਾ ਜਾ ਰਿਹਾ ਹੈ।

## ਕਰਤਾਰਪੁਰ ਲਾਂਘਾ ਬੰਦ ਕਰਨ ਦੇ ਬਾਰੇ ਤਖ਼ਤਾਂ ਦੇ ਜਥੇਦਾਰਾਂ ਦੇ ਵਿਚਾਰ ਵੱਖੋ-ਵੱਖ



ਸ੍ਰੀ ਆਨੰਦਪੁਰ ਸਾਹਿਬ, 17 ਮਾਰਚ (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਭਾਰਤ ਸਰਕਾਰ ਵੱਲੋਂ ਕੋਰੋਨਾ ਵਾਇਰਸ ਦੇ ਕਾਰਨ ਬੰਦ ਕਰਨ ਦੇ ਫ਼ੈਸਲੇ ਕਾਰਨ ਸਿੱਖਾਂ ਪੰਜਾਬ ਵਿਚਲੇ ਤਖ਼ਤਾਂ ਦੇ ਜਥੇਦਾਰ ਆਹਮੋ-ਸਾਹਮਣੇ ਆ ਗਏ ਹਨ। ਇਸ ਬਾਰੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਕੱਲ੍ਹ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਦੇ ਬਿਆਨ ਦਾ ਵਿਰੋਧ ਕਰਦੇ ਹੋਏ ਅਸਹਿਮਤੀ ਪ੍ਰਗਟ ਕੀਤੀ ਹੈ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵੱਲੋਂ ਜਦੋਂ ਤੋਂ ਅਕਾਲ ਤਖ਼ਤ ਸਾਹਿਬ ਦਾ ਵਾਧੂ ਚਾਰਜ ਗਿਆਨੀ ਹਰਪ੍ਰੀਤ ਸਿੰਘ ਨੂੰ ਦਿੱਤਾ ਗਿਆ ਹੈ, ਉਸ ਤੋਂ ਬਾਅਦ ਪਹਿਲੀ ਵਾਰ ਅਜਿਹੀ ਇਹ ਖਟਾਸ ਦੇਖਣ ਨੂੰ ਮਿਲੀ ਹੈ। ਭਾਵੇਂ ਇਹ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਦੋਵੇਂ ਜਥੇਦਾਰਾਂ ਦੀ ਨਿੱਜੀ ਰਾਏ ਹੋ ਸਕਦੀ ਹੈ, ਪਰ ਜਿਵੇਂ ਦੋਵਾਂ ਦੀ ਰਾਏ ਇੱਕ ਦੂਸਰੇ ਦੇ ਉਲਟ ਸਾਹਮਣੇ ਆਈ ਹੈ, ਉਸ ਤੋਂ ਜਾਪਦਾ ਹੈ ਤਖ਼ਤਾਂ ਦੇ ਜਥੇਦਾਰਾਂ 'ਚ ਸਭ ਕੁਝ ਠੀਕ ਨਹੀਂ ਹੈ। ਜਿੱਥੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਕਰੋਨਾ ਵਾਇਰਸ ਕਰਕੇ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਨ ਦੇ ਸਰਕਾਰ ਦੇ ਫੈਸਲੇ ਨੂੰ ਸਹੀ ਕਿਹਾ ਹੈ, ਉਥੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੇ ਦਲੀਲ ਨਾਲ ਜਥੇਦਾਰ ਹਰਪ੍ਰੀਤ ਸਿੰਘ ਦੇ ਬਿਆਨ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਇਹ ਰਵਾਇਤ ਹੈ ਕਿ ਜਦੋਂ ਕਦੇ ਕੋਈ ਮਹਾਮਾਰੀ ਫੈਲਦੀ ਹੈ ਜਾਂ ਕਿਸੇ 'ਤੇ ਭੀੜ ਪੈਂਦੀ ਹੈ ਤਾਂ ਸਿੱਖ ਕੌਮ ਅੱਗੇ ਹੋ ਕੇ ਪਹਿਰਾ ਦਿੰਦੀ ਤੇ ਸਭ ਨੂੰ ਗੁਰੂ ਘਰਾਂ 'ਚ ਸ਼ਰਨ ਦਿੰਦੀ ਹੈ ਪਰ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਬੰਦ ਕਰਕੇ ਸ਼ਰਧਾਲੂਆਂ ਨੂੰ ਗੁਰੂ ਘਰ ਵਿਖੇ ਨਤਮਸਤਕ ਹੋਣ ਤੋਂ ਰੋਕ ਦੇਣਾ ਬਿਲਕੁਲ ਗ਼ਲਤ ਹੈ।

## ਮੁੱਖ ਮੰਤਰੀ ਵੱਲੋਂ ਮੁੱਕੇਬਾਜ਼ ਸਿਮਰਨਜੀਤ ਕੌਰ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ



ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਕੇਬਾਜ਼ ਸਿਮਰਨਜੀਤ ਕੌਰ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਕੱਲ੍ਹ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੀ ਅਗਵਾਈ ਹੇਠ ਮੁੱਖ ਮੰਤਰੀ ਨੂੰ ਉਚੇਚੇ ਤੌਰ ਉੱਤੇ ਮਿਲਣ ਆਈ ਸਿਮਰਨਜੀਤ ਕੌਰ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋਣ ਵਾਲੀ ਪਹਿਲੀ ਪੰਜਾਬਣ ਮੁੱਕੇਬਾਜ਼ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਨਾ ਸਿਰਫ ਪੰਜਾਬ, ਬਲਕਿ ਦੇਸ਼ ਨੂੰ ਉਸ 'ਤੇ ਮਾਣ ਹੈ ਜਿਸ ਨੇ ਏਸ਼ੀਆ ਓਸੀਨੀਆ ਕੁਆਲੀਫਾਈ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਦੁਨੀਆ ਦੇ ਸਭ ਤੋਂ ਵੱਡੇ ਖੇਡ ਮੰਚ ਵਿੱਚ ਹਾਜ਼ਰੀ ਭਰਨ ਦਾ ਹੱਕ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਇਹ ਕੁੜੀ ਪੰਜਾਬ ਦੀਆਂ ਕੁੜੀਆਂ ਲਈ ਚਾਨਣ ਮੁਨਾਰਾ ਹੈ ਜਿਹੜੀਆਂ ਮੁੱਕੇਬਾਜ਼ੀ ਵਿੱਚ ਭਵਿੱਖ ਬਣਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸਾਧਾਰਨ ਪਰਵਾਰ ਦੀ ਧੀ ਦੀ ਇਹ ਅਸਾਧਾਰਨ ਪ੍ਰਾਪਤੀ ਹੈ ਤੇ ਉਸ ਨੂੰ ਅੱਗੇ ਵਧਣ ਲਈ ਸੂਬਾ ਸਰਕਾਰ ਵੱਲੋਂ ਹਰ ਸੰਭਵ ਮਦਦ ਦਿੱਤੀ ਜਾਵੇਗੀ।

ਇਸ ਮੌਕੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਲੁਧਿਆਣਾ ਜ਼ਿਲੇ ਦੇ ਪਿੰਡ ਚੱਕਰ ਦੀ ਇਸ ਮੁੱਕੇਬਾਜ਼ ਨੇ ਪਿੰਡ ਤੋਂ ਆਪਣਾ ਕਰੀਅਰ ਬਣਾਉਣਾ ਸ਼ੁਰੂ ਕੀਤਾ ਤੇ ਸਾਲ 2013 ਵਿੱਚ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਅਤੇ 2019 ਵਿੱਚ ਏਸ਼ੀਅਨ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਸੀ। ਮੁਹਾਲੀ ਦੇ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਵਿਖੇ ਇਸ ਮੁੱਕੇਬਾਜ਼ ਨੇ ਤਿਆਰੀ ਕੀਤੀ ਸੀ।

### ਸੁਖਬੀਰ ਵੱਲੋਂ ਵੀ ਸਿਮਰਨ ਦਾ ਸਨਮਾਨ

ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਓਲੰਪਿਕ ਲਈ ਕੁਆਲੀਫਾਈ ਕਰ ਚੁੱਕੀ ਪੰਜਾਬ ਰਾਜ ਦੀ ਪਹਿਲੀ ਮਹਿਲਾ ਮੁੱਕੇਬਾਜ਼ ਸਿਮਰਨਜੀਤ ਕੌਰ ਨੂੰ ਕੱਲ੍ਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਪ੍ਰਾਪਤੀ ਲਈ ਸਨਮਾਨਤ ਕੀਤਾ ਅਤੇ ਪਾਰਟੀ ਵੱਲੋਂ ਇੱਕ ਲੱਖ ਰੁਪਏ ਦਾ ਨਗਦ ਇਨਾਮ ਦਿੱਤਾ। ਇਸ ਮੌਕੇ ਮੁੱਕੇਬਾਜ਼ ਸਿਮਰਨਜੀਤ ਕੌਰ ਅਤੇ ਉਸ ਦੇ ਪਰਵਾਰ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿਮਰਨਜੀਤ ਦੀ ਬਾਕਸਿੰਗ ਦੀ ਖੇਡ ਚੁਣਨ ਦੀ ਦਲੇਰੀ ਪੰਜਾਬ ਦੀਆਂ ਬਾਕੀ ਕੁੜੀਆਂ ਨੂੰ ਇਸ ਖੇਡ ਵੱਲ ਪ੍ਰੇਰਿਤ ਕਰੇਗੀ। ਉਨ੍ਹਾਂ ਨੇ ਸਿਮਰਨਜੀਤ ਦੇ ਪਰਵਾਰ ਨੂੰ ਇਸ ਖਿਡਾਰਨ ਨੂੰ ਬਾਕਸਿੰਗ ਖੇਡਣ ਦੀ ਹੱਲਾਸ਼ੇਰੀ ਦੇਣ ਲਈ ਮੁਬਾਰਕਬਾਦ ਦਿੱਤੀ। ਸਿਮਰਨਜੀਤ ਕੌਰ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਤਾ ਦੇ ਦਿਹਾਂਤ ਦਾ ਵੱਡਾ ਸਦਮਾ ਲੱਗਣ ਦੇ ਬਾਵਜੂਦ ਇਹ ਕੁੜੀ ਆਪਣੇ ਟੀਚੇ ਪ੍ਰਤੀ ਦ੍ਰਿੜ੍ਹ ਰਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸਿਮਰਨਜੀਤ ਕੌਰ ਟੋਕੀਓ ਓਲੰਪਿਕ ਵਿੱਚ ਵਧੀਆ ਪ੍ਰਦਰਸ਼ਨ ਕਰੇਗੀ ਅਤੇ ਤਮਗੇ ਜਿੱਤੇਗੀ।

## ਕੋਰੋਨਾ ਬਾਰੇ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਚੁਣੌਤੀ ਸੁੱਟੀ

ਮਾਛੀਵਾੜਾ ਸਾਹਿਬ, 17 ਮਾਰਚ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਵਰ ਦੁਆਰ ਦੇ ਮੁੱਖ ਸੇਵਾਦਾ-ਰ ਅਤੇ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਹੈ ਕਿ ਸਾਡੇ ਸਮਾਜ ਵਿੱਚ ਬੈਠਾ ਪੁਜਾਰੀਵਾਦ, ਬ੍ਰਹਮ ਗਿਆਨੀ ਤੇ ਬਾਬੇ ਜੋ ਲੋਕਾਂ ਦੇ ਦੁੱਖ ਕਲੇਸ਼ ਦੂਰ ਕਰਨ ਦਾ ਦਾਅਵਾ ਕਰਦੇ ਹਨ, ਉਹ ਭਿਆਨਕ ਬਿਮਾਰੀ ਦਾ ਰੂਪ ਧਾਰਨ ਕਰ ਰਹੇ ਅਤੇ ਪੀੜਤ ਮਰੀਜ਼ਾਂ ਦਾ ਕੋਰੋਨਾ ਵਾਈਰਸ ਦੂਰ ਕਰਕੇ ਦਿਖਾਉਣ।

ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕੋਰੋਨਾ ਵਾਈਰਸ ਬਾਰੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਪਖੰਡ ਕਰ ਕੇ ਭਰਮਾਉਣ ਵਾਲੇ ਪੁਜਾਰੀਵਾਦ ਨੇ ਕੋਰੋਨਾ ਵਾਇਰਸ ਦੂਰ ਨਹੀਂ ਕਰਨਾ, ਸਗੋਂ ਲੋਕਾਂ ਨੂੰ ਰੱਬ ਰੂਪੀ ਕੁਦਰਤ ਦੇ ਨਿਯਮ ਅਪਣਾ ਕੇ ਤੇ ਸਾਵਧਾਨੀ ਵਰਤ ਕੇ ਇਸ ਤੋਂ ਬਚਣਾ ਹੋਵੇਗਾ। ਉਨ੍ਹਾਂ ਕਿਹਾ ਕਿ ਜੋ ਪੁਜਾਰੀਵਾਦ ਲੋਕਾਂ ਦਾ ਦੁੱਖ ਕਲੇਸ਼ ਦੂਰ ਕਰਨ ਦਾ ਦਾਅਵਾ ਕਰਦਾ ਸੀ, ਉਸ ਦੇ ਡੇਰੇ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ ਵੜਨ ਨਹੀਂ ਦਿੱਤੇ ਜਾਣਗੇ, ਕਿਉਂਕਿ ਉਸ ਨੂੰ ਡਰ ਸਤਾਵੇਗਾ ਕਿ ਉਹ ਖੁਦ ਇਸ ਬਿਮਾਰੀ ਦਾ ਸ਼ਿਕਾਰ ਨਾ ਹੋ ਜਾਣ। ਭਾਈ ਰਣਜੀਤ ਸਿੰਘ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੋਰੋਨਾ ਵਾਈਰਸ ਬਿਮਾਰੀ ਦਾ ਹੱਲ ਕਰਨ ਲਈ ਵਿਗਿਆਨ, ਡਾਕਟਰ, ਰੱਬ ਰੂਪੀ ਕੁਦਰਤ ਦੇ ਨਿਯਮ ਅਪਣਾ ਕੇ ਇਸ ਦਾ ਹੱਲ ਕਰ ਰਹੇ ਹਨ, ਉਥੇ ਲੋਕ ਇਹ ਨਿਯਮ ਅਪਣਾ ਬਿਮਾਰੀ ਤੋਂ ਬਚਣ। ਉਨ੍ਹਾ ਕਿਹਾ ਕਿ ਜਦੋਂ ਬਿਮਾਰੀ ਦਾ ਕਹਿਰ ਘੱਟ ਜਾਵੇਗਾ ਤਾਂ ਫਿਰ ਇਹ ਪੁਜਾਰੀਵਾਦ ਦਾਅਵਾ ਕਰੇਗਾ ਕਿ ਉਨ੍ਹਾਂ ਇਸ ਬਿਮਾਰੀ ਨੂੰ ਖਤਮ ਕੀਤਾ, ਪਰ ਸੱਚਾਈ ਇਹ ਹੈ ਕਿ ਇਹ ਬਿਮਾਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗਿਆਨ ਅਤੇ ਡਾਕਟਰਾਂ ਵਲੋਂ ਸਿੱਖੇ ਵਿਗਿਆਨ ਨਾਲ ਖਤਮ ਹੋਵੇਗੀ, ਇਹ ਗਿਆਨ ਤੇ ਵਿ-ਗਆਨ ਵੀ ਸਾਨੂੰ ਕੁਦਰਤ ਦੇ ਨਿਯਮਾਂ ਤੋਂ ਹੀ ਪ੍ਰਾਪਤ ਹੋਇਆ ਹੈ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਸਿਹਤ ਵਿਭਾਗ ਨੂੰ ਪੱਤਰ ਲਿਖ ਕੇ ਜਾਣੂ ਕਰਵਾਇਆ ਹੈ ਕਿ ਪ੍ਰਮੇਸ਼ਵਰ ਦੁਆਰ ਵਿਖੇ 100 ਬਿਸਤਰਿਆਂ ਦਾ ਹਸਪਤਾਲ ਹੈ, ਜੇ ਕੋਰੋਨਾ ਵਾਈਰਸ ਬਿਮਾਰੀ ਦਾ ਫੈਲਾਅ ਵੱਧਦਾ ਹੈ ਤਾਂ ਉਸ ਲਈ ਐਮਰਜੈਂਸੀ ਹਾਲਾਤ ਵਿੱਚ ਲੋੜ ਪੈਣ ਉੱਤੇ ਇਹ ਹਸਪਤਾਲ ਮਰੀਜ਼ਾਂ ਇਲਾਜ ਲਈ ਖੋਲ੍ਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਉਪਰ ਕੁੱਝ ਵਿਅਕਤੀਆਂ ਵਲੋਂ ਦੋਸ਼ ਲਾਏ ਜਾ ਰਹੇ ਹਨ ਕਿ ਉਹ ਸਿੱਖੀ ਦੀਆਂ ਜੜ੍ਹਾਂ ਵਿੱਚ ਬੈਠ ਰਿਹਾ ਹੈ। ਸੱਚ ਹੈ ਕਿ ਉਹ ਸਿੱਖੀ ਨੂੰ ਪ੍ਰਫੁਲਿੱਤ ਕਰ ਰਹੇ ਹਨ ਤੇ ਪਖੰਡੀ ਪੁਜਾਰੀਵਾਦ ਤੇ ਬਾਬਿਆਂ ਦੀਆਂ ਜੜ੍ਹਾਂ ਵਿੱਚ ਬੈਠ ਰਹੇ ਹਨ।

## ਬਿਜਲੀ ਚੋਰੀ ਕਰਨ ਵਾਲੇ ਨੂੰ ਤਿੰਨ ਲੱਖ ਰੁਪਏ ਜੁਰਮਾਨਾ

ਜਲੰਧਰ, 17 ਮਾਰਚ (ਪੋਸਟ ਬਿਊਰੋ)- ਪਾਵਰਕਾਮ ਦੇ ਇਨਫੋਰਸਮੈਂਟ ਵਿਭਾਗ ਨੇ ਕੱਲ੍ਹ ਬਿਜਲੀ ਚੋਰੀ ਦੇ ਮਾਮਲੇ ਵਿੱਚ ਦੋਮੋਰੀਆ ਪੁਲ ਨੇੜੇ ਪੈਂਦੇ ਕੇਕ ਹਾਊਸ 'ਤੇ ਛਾਪਾ ਮਾਰਿਆ ਤਾਂ ਮੀਟਰ ਵਿੱਚ ਛੇੜਛਾੜ ਪਾਈ ਗਈ।

ਪਤਾ ਲੱਗਾ ਹੈ ਕਿ ਪਾਵਰਕਾਮ ਤੋਂ ਬੇਕਰੀ ਦਾ 12 ਕਿਲੋਵਾਟ ਲੋਡ ਮਨਜ਼ੂਰ ਸੀ। ਬੇਕਰੀ ਸੰਚਾਲਕ ਵੀਹ ਕਿਲੋਵਾਟ ਬਿਜਲੀ ਦੀ ਵਰਤੋਂ ਕਰ ਰਿਹਾ ਸੀ। ਮੀਟਰ ਹੌਲੀ ਕਰਨ ਲਈ ਤਾਰਾਂ ਨਾਲ ਛੇੜਛਾੜ ਕੀਤੀ ਗਈ ਸੀ। ਟੀਮ ਨੇ ਬੇਕਰੀ ਦੇ ਨਾਲ ਲੱਗਦੇ ਪੰਜ ਘਰਾਂ ਦੇ ਮੀਟਰ ਵੀ ਲਾਹ ਕੇ ਜਾਂਚ ਲਈ ਲੈਬ ਗਏ ਹਨ ਅਤੇ ਦੋਮੋਰੀਆ ਕੇਕ ਹਾਊਸ ਦੇ ਸੰਚਾਲਕ 'ਤੇ ਤਿੰਨ ਲੱਖ ਰੁਪਏ ਜੁਰਮਾਨਾ ਲਾਇਆ ਹੈ। ਕੇਕ ਹਾਊਸ ਦੇ ਮਾਲਕ ਨੇ ਦੱਸਿਆ ਕਿ ਉਸ ਨੇ ਅਜੈ ਗਾਂਧੀ ਨਾਂਅ ਦੇ ਨੌਜਵਾਨ ਤੋਂ ਬਿਜਲੀ ਦਾ ਮੀਟਰ ਹੌਲੀ ਕਰਵਾਇਆ ਸੀ। ਉਸ ਨੇ ਦੱਸਿਆ ਕਿ ਉਸ ਨੇ ਇਲਾਕੇ ਦੇ ਕਈ ਘਰਾਂ ਵਿੱਚ ਮੀਟਰ ਹੌਲੀ ਕੀਤੇ ਹਨ। ਅਜੈ ਗਾਂਧੀ ਅਜੇ ਫਰਾਰ ਹੈ। ਦੋਸ਼ੀ ਨੇ ਦੋਮੋਰੀਆ ਪੁਲ ਦੇ ਨੇੜਲੇ ਇਲਾਕੇ ਕੋਟ ਕਿਸ਼ਨ ਚੰਦ, ਕਿਸ਼ਨਪੁਰਾ ਅਤੇ ਮਕਸੂਦਾਂ ਡਵੀਜ਼ਨ ਦੇ ਪੈਂਦੇ ਇਲਾਕਿਆਂ ਦੇ ਕੁਝ ਘਰਾਂ 'ਚੋਂ ਪੈਸੇ ਲੈ ਕੇ ਮੀਟਰਾਂ ਨਾਲ ਛੇੜਛਾੜ ਕੀਤੀ ਹੈ। ਵਿਭਾਗ ਨੇ ਪਾਵਰਕਾਮ ਦੇ ਥਾਣੇ ਵਿੱਚ ਦੋਸ਼ੀ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਚੰਡੀਗੜ੍ਹ ਵਿੱਚ ਅੱਧੀ ਰਾਤ ਬਾਊਂਸਰ ਦਾ ਗੋਲੀਆਂ ਮਾਰ ਕੇ ਕੀਤਾ ਕਤਲ



ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਘਰ ਆ ਰਹੇ ਕਾਰ ਸਵਾਰ ਬਾਊਂਸਰ ਉੱਤੇ ਸੋਮਵਾਰ ਰਾਤ ਦੋ ਬਾਈਕ ਸਵਾਰ ਨੌਜਵਾਨ ਸੈਕਟਰ-38 ਵੈਸਟ ਦੇ ਸਮਾਲ ਚੌਕ ਉੱਤੇ ਅੱਠ ਰਾਊਂਡ ਫਾਇਰ ਕਰ ਕੇ ਫਰਾਰ ਹੋ ਗਏ। ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਜ਼ਖ਼ਮੀ ਬਾਊਂਸਰ ਨੂੰ ਪੀ ਜੀ ਆਈ ਦਾਖਲ ਕਰਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਬਾਊਂਸਰ ਦੀ ਪਛਾਣ ਸੈਕਟਰ-38 ਵੈਸਟ ਦੇ ਵਾਸੀ ਸੁਰਜੀਤ ਵਜੋਂ ਹੋਈ। ਕਾਤਲ ਬਾਈਕ ਸਵਾਰ ਰਾਜਸਥਾਨ ਨੰਬਰ ਦੀ ਬਾਈਕ ਉੱਤੇ ਵਾਰਦਾਤ ਕਰਨ ਪਿੱਛੋਂ ਸੈਕਟਰ-43 ਦੇ ਰਿਹਾਇਸ਼ੀ ਇਲਾਕੇ ਵਿੱਚ ਗਾਇਬ ਹੋ ਗਏ। ਮਲੋਆ ਥਾਣਾ ਪੁਲਸ ਨੇ ਅਣਪਛਾਤੇ ਬਾਈਕ ਸਵਾਰ ਨੌਜਵਾਨਾਂ ਉੱਤੇ ਕਤਲ ਕੇਸ ਦਰਜ ਕਰ ਲਿਆ।

ਸੈਕਟਰ-38 ਵੈਸਟ ਨਿਵਾਸੀ ਬਾਊਂਸਰ ਸੁਰਜੀਤ ਆਪਣੀ ਕਾਰ ਵਿੱਚ ਘਰ ਜਾ ਰਿਹਾ ਸੀ। ਜਦੋਂ ਉਹ ਸੈਕਟਰ-38 ਵੈਸਟ ਚੌਕ ਉੱਤੇ ਪਹੁੰਚਿਆ ਤਾਂ ਦੋ ਬਾਈਕ ਸਵਾਰ ਨੌਜਵਾਨਾਂ ਨੇ ਉਸ ਦੀ ਗੱਡੀ ਦੇ ਅੱਗੇ ਬਾਈਕ ਖੜ੍ਹੀ ਕਰ ਦਿੱਤੀ। ਸੁਰਜੀਤ ਨੇ ਜਦੋਂ ਗੱਡੀ ਰੋਕੀ ਤਾਂ ਬਾਈਕ ਸਵਾਰ ਦੋ ਨੌਜਵਾਨਾਂ ਨੇ ਪਿਸਤੌਲ ਕੱਢ ਕੇ ਸੁਰਜੀਤ ਉੱਤੇ ਅੱਠ ਫਾਇਰ ਕਰ ਦਿੱਤੇ। ਗੋਲੀ ਲੱਗਣ ਨਾਲ ਬਾਊਂਸਰ ਲਹੂ-ਲੁਹਾਨ ਹੋ ਗਿਆ ਅਤੇ ਬਾਈਕ ਸਵਾਰ ਚਾਰੇ ਨੌਜਵਾਨਾਂ ਨੇ ਸੈਕਟਰ-43 ਵੱਲ ਬਾਈਕ ਭਜਾ ਲਈ। ਪੁਲਸ ਘਟਨਾ ਸਥਾਨ ਦੇ ਆਸ-ਪਾਸ ਲੱਗੇ ਸੀ ਸੀ ਟੀ ਵੀ ਫੁਟੇਜ ਫੋਲਣ ਵਿੱਚ ਲੱਗੀ ਹੋਈ ਹੈ।

### ਨਿੱਜੀ ਰੰਜਿਸ਼ ਦਾ ਹੋ ਸਕਦੈ ਮਾਮਲਾ

ਸੁਰਜੀਤ ਬਾਊਂਸਰ ਦੀ ਹੱਤਿਆ ਪਿਛੇ ਬਾਊਂਸਰਾਂ ਦੀ ਨਿੱਜੀ ਰੰਜਿਸ਼ ਹੋ ਸਕਦੀ ਹੈ। 2017 ਵਿੱਚ ਉਸ ਦੇ ਮਿੱਤਰ ਦੀ ਹੱਤਿਆ ਵਿੱਚ ਬਾਊਂਸਰ ਸੁਰਜੀਤ ਦਾ ਨਾਮ ਆਇਆ ਸੀ। ਪੁਲਸ ਨੇ ਸੁਰਜੀਤ ਤੋਂ ਮਾਮਲੇ ਵਿੱਚ ਪੁੱਛਗਿੱਛ ਵੀ ਕੀਤੀ ਸੀ, ਪਰ ਬਾਅਦ ਵਿੱਚ ਉਸ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਸੂਤਰਾਂ ਮੁਤਾਬਕ ਸੁਰਜੀਤ ਦੀ ਹੱਤਿਆ ਪਿੱਛੇ ਵੀ ਗੈਂਗਵਾਰ ਜਾਂ ਫੇਰ ਆਪਸੀ ਰੰਜਿਸ਼ ਲੱਗਦੀ ਹੈ। ਪੁਲਸ ਦੀ ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਸੁਰਜੀਤ ਦੀ ਹੱਤਿਆ ਪੂਰੀ ਯੋਜਨਾ ਨਾਲ ਕੀਤੀ ਗਈ ਹੈ। ਹਤਿਆਰਿਆਂ ਨੇ ਵਾਰਦਾਤ ਤੋਂ ਪਹਿਲਾਂ ਸੁਰਜੀਤ ਦੇ ਆਉਣ-ਜਾਣ ਬਾਰੇ ਰੈਕੀ ਕੀਤੀ ਸੀ। ਉਨ੍ਹਾ ਨੂੰ ਪਤਾ ਸੀ ਕਿ ਸੁਰਜੀਤ ਰਾਤ ਦੇ ਸਮੇਂ ਘਰ ਇਕੱਲਾ ਜਾਂਦਾ ਹੈ।

## ਪੋਲਟਰੀ 'ਤੇ ਕੋਰੋਨਾ ਦਾ ਪਰਛਾਵਾਂ
## 65 ਤੋਂ 70 ਰੁਪਏ ਦਾ ਵਿਕਣ ਵਾਲਾ ਮੁਰਗਾ 20 ਤੋਂ 25 ਰੁਪਏ ਦਾ ਵਿਕੀ ਜਾਂਦੈ



ਟੱਪਰੀਆਂ ਖ਼ੁਰਦ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਰੋਗ ਨੇ ਮਨੁੱਖੀ ਜ਼ਿੰਦਗੀ ਵਿੱਚ ਖ਼ੌਫ਼ ਪੈਦਾ ਕਰ ਕੇ ਪੂਰੀ ਦੁਨੀਆ ਰੱਖ ਦਿੱਤਾ। ਹਰ ਪਾਸੇ ਕੋਰੋਨਾ ਦੀ ਚਰਚਾ ਤੇ ਮਨੁੱਖਤਾ ਨੂੰ ਬਚਾਉਣ ਲਈ ਕੀਤੀ ਜਾ ਰਹੀ ਸਰਕਾਰਾਂ ਵੱਲੋਂ ਚਾਰਾਜੋਈ ਦੇ ਬਾਵਜੂਦ ਭੈਅ ਦਾ ਮਾਹੌਲ ਖ਼ਤਮ ਨਹੀਂ ਹੋ ਰਿਹਾ। ਚੀਨ ਦੇ ਵੁਹਾਨ ਖੇਤਰ ਤੋਂ ਚੱਲੀ ਅਫ਼ਵਾਹ ਕਿ ਕੋਰੋਨਾ ਚਮਗਿੱਦੜਾਂ ਦਾ ਮੀਟ ਖਾਣ ਨਾਲ ਫੈਲਿਆ ਹੈ, ਦਾ ਡਰ ਮੀਟ ਦੇ ਸ਼ੌਕੀਨਾਂ ਵਿੱਚ ਵੀ ਦਿਸਣ ਲੱਗਾ ਹੈ। ਸਵਾਈਨ ਫਲੂ ਤੋਂ ਬਾਅਦ ਮੁਸ਼ਕਲ ਹਾਲਾਤ 'ਚ ਉਭਰੀ ਪੋਲਟਰੀ ਸਨਅਤ 'ਤੇ ਵੀ ਅੱਜ ਕੱਲ੍ਹ ਕੋਰੋਨਾ ਦਾ ਸਾਇਆ ਪੈ ਗਿਆ ਹੈ। ਪੋਲਟਰੀ ਸਨਅਤ ਨਾਲ ਜੁੜੇ ਲੋਕ ਬੇਹੱਦ ਮੰਦੀ ਨਾਲ ਜੂਝ ਰਹੇ ਹਨ।

ਇਸ ਸੰਬੰਧ ਵਿੱਚ ਪੋਲਟਰੀ ਸਨਅਤ ਨਾਲ ਜੁੜੇ ਕਾਰੋਬਾਰੀਆਂ ਨੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਇੱਕ ਚੂਚੇ ਨੂੰ ਦੋ ਕਿੱਲੋ ਵਜ਼ਨ ਤੱਕ ਲਿਆਉਣ ਲਈ ਲਗੱਭਗ ਡੇਢ ਮਹੀਨਾ ਮਿਹਨਤ ਕਰਨੀ ਪੈਂਦੀ ਹੈ ਅਤੇ ਪ੍ਰਤੀ ਚੂਚੇ ਉਤੇ ਖ਼ੁਰਾਕ ਅਤੇ ਸੰਭਾਲ ਉਤੇ 85 ਤੋਂ 100 ਰੁਪਏ ਖ਼ਰਚ ਆਉਂਦੇ ਹਨ। ਕੋਰੋਨਾ ਤੋਂ ਪਹਿਲਾਂ 65 ਰੁਪਏ ਤੋਂ 70 ਰੁਪਏ ਪ੍ਰਤੀ ਕਿੱਲੋ ਮੁਰਗੇ ਦਾ ਭਾਅ ਆਮ ਰਹਿੰਦਾ ਸੀ, ਜਿਹੜਾ ਕੋਰੋਨਾ ਦੇ ਡਰ ਨਾਲ 20 ਤੋਂ 25 ਰੁਪਏ ਵਿਕਣ ਕਾਰਨ ਪੋਲਟਰੀ ਸਨਅਤ ਤਬਾਹੀ ਵੱਲ ਜਾ ਰਹੀ ਹੈ। ਕਾਰੋਬਾਰੀਆਂ ਨੇ ਕਿਹਾ ਕਿ ਸਰਕਾਰਾਂ ਨੇ ਪੋਲਟਰੀ ਸਨਅਤ ਵੱਲ ਨਜ਼ਰ ਸਵੱਲੀ ਨਾ ਕੀਤੀ ਤਾਂ ਇਸ ਕਾਰੋਬਾਰ ਨਾਲ ਜੁੜੇ ਲੋਕ ਆਰਥਿਕ ਮੰਦੀ ਕਰਕੇ ਰੁਲ ਜਾਣਗੇ। ਆਂਡਿਆਂ ਦੇ ਕਾਰੋਬਾਰ ਵਿੱਚ ਜੁੜੇ ਲੋਕਾਂ ਨੇ ਕਿਹਾ ਕਿ ਕੋਰੋਨਾ ਕਰਕੇ ਉਨ੍ਹਾਂ ਦੇ ਕੰਮ ਵਿੱਚ ਮੰਦੀ ਦੇਖਣ ਨੂੰ ਮਿਲੀ ਹੈ ਜਿੱਥੇ ਆਂਡੇ ਦਾ ਭਾਅ ਘਟਿਆ ਹੈ ਉਥੇ ਲਗੱਭਗ 40 ਪ੍ਰਤੀਸ਼ਤ ਕੰਮ ਵਿੱਚ ਮੰਦਾ ਆਇਆ ਹੈ। ਇਨ੍ਹਾਂ ਕਾਰੋਬਾਰੀਆਂ ਨੇ ਕਿਹਾ ਕਿ ਸੋਸ਼ਲ ਮੀਡੀਆ ਉਤੇ ਮੀਟ ਖਾਣ ਨਾਲ ਫੈਲੇ ਕੋਰੋਨਾ ਦੀਆਂ ਅਫ਼ਵਾਵਾਂ ਨਾਲ ਪੋਲਟਰੀ ਸਨਅਤ ਦਾ ਲਗੱਭਗ ਰੋਜ਼ 700 ਤੋਂ 800 ਕਰੋੜ ਤੱਕ ਨੁਕਸਾਨ ਹੋ ਰਿਹਾ ਹੈ।

ਪੋਲਟਰੀ ਸਨਅਤ ਵਿੱਚ ਆਈ ਮੰਦੀ ਨਾਲ ਇਨ੍ਹਾਂ ਨੂੰ ਪਾਈ ਜਾਂਦੀ ਫੀਡ (ਖ਼ੁਰਾਕ) ਮੱਕੀ, ਸੋਇਆਬੀਨ ਅਤੇ ਫੀਡ ਤਿਆਰ ਕਰਨ ਵਾਲੀਆਂ ਫ਼ੈਕਟਰੀਆਂ ਵਿੱਚ ਦਿੱਸਦੀ ਮੰਦੀ ਨਾਲ ਕਿਸਾਨ ਵੀ ਘਾਟੇ ਵਿੱਚ ਜਾ ਰਿਹਾ ਹੈ।

## ਜੇਲ੍ਹਾਂ ਵਿੱਚ ਬੰਦ ਕੈਦੀਆਂ ਨਾਲ ਮੁਲਾਕਾਤਾਂ 31 ਮਾਰਚ ਤੱਕ ਬੰਦ

ਗੁਰਦਾਸਪੁਰ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਵਧਦੇ ਕਹਿਰ ਨੂੰ ਦੇਖ ਕੇ ਜੇਲ੍ਹਾਂ ਵਿਚਲੇ ਕੈਦੀਆਂ ਲਈ ਸਰਕਾਰ ਨੇ ਨਵੇਂ ਨਿਰਦੇਸ਼ ਦਿੱਤੇ ਹਨ, ਜਿਸ ਹੇਠ 31 ਮਾਰਚ ਤੱਕ ਕੈਦੀਆਂ ਨਾਲ ਨਾ ਕਿਸੇ ਨੂੰ ਮਿਲਣ ਦੀ ਇਜਾਜ਼ਤ ਹੋਵੇਗੀ ਅਤੇ ਨਾ ਹੀ ਕੈਦੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਲਈ ਲਿਆਂਦਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਪੂਰੇ ਦੇਸ਼ ਵਿੱਚ ਫੈਲੇ ਕੋਰੋਨਾ ਵਾਇਰਸ ਨੂੰ ਦੇਖ ਕੇ ਜੇਲ੍ਹਾਂ ਵਿਚਲੇ ਕੈਦੀਆਂ ਨੂੰ ਕੋਰੋਨਾ ਵਾਇਰਸ ਤੋਂ ਬਚਾਉਣ ਲਈ ਇਹ ਕਦਮ ਚੁੱਕੇ ਗਏ ਹਨ ਕਿਉਂਕਿ ਜੇਲ੍ਹਾਂ ਵਿੱਚ ਕੈਦੀ ਬਹੁਤ ਵੱਡੀ ਗਿਣਤੀ ਵਿੱਚ ਹਨ ਤੇ ਜੇ ਕੋਈ ਕੈਦੀ ਕੋਰੋਨਾ ਵਾਇਰਸ ਦਾ ਸ਼ਿਕਾਰ ਹੋ ਗਿਆ ਤਾਂ ਪੂਰੀ ਜੇਲ੍ਹ ਦੇ ਕੈਦੀਆਂ ਨੂੰ ਇਸ ਦਾ ਸ਼ਿਕਾਰ ਹੋਣ ਦਾ ਡਰ ਵਧ ਸਕਦਾ ਹੈ। ਇਸ ਬਾਰੇ ਜੇਲ੍ਹ ਅਧਿਕਾਰੀਆਂ ਨੇ ਕੈਦੀਆਂ ਨਾਲ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੀ ਮੁਲਾਕਾਤ ਉੱਤੇ ਰੋਕ ਲਾ ਦਿੱਤੀ ਹੈ। ਇਸੇ ਤਰ੍ਹਾਂ ਕੈਦੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਦਾ ਕੰਮ ਵੀ ਰੋਕਿਆ ਜਾ ਰਿਹਾ ਹੈ ਅਤੇ ਇਨ੍ਹਾਂ ਕੈਦੀਆਂ ਨੂੰ ਅਦਾਲਤਾਂ ਨੂੰ ਪੇਸ਼ੀ ਲਈ ਲਿਜਾਣ ਦੀ ਥਾਂ ਅਦਾਲਤ ਤੋਂ ਬੇਨਤੀ ਕਰ ਕੇ ਤਰੀਕ ਲਈ ਜਾਵੇਗੀ। ਇਸੇ ਤਰ੍ਹਾਂ ਜੇ ਕਿਸੇ ਕੈਦੀ ਨੂੰ ਬੁਖਾਰ ਜਾਂ ਜ਼ੁਕਾਮ ਦੀ ਸ਼ਿਕਾਇਤ ਹੋਵੇਗੀ ਤਾਂ ਉਸ ਨੂੰ ਤੁਰੰਤ ਹੋਰ ਕੈਦੀਆਂ ਤੋਂ ਵੱਖ ਕਰ ਦਿੱਤਾ ਜਾਵੇਗਾ ਅਤੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਕੇ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਣਗੇ। ਇਸ ਬਾਰੇ ਡੀ ਐਸ ਪੀ ਜੈਨ ਸਿਆਮਲ ਜੋਤੀ ਨੇ ਦੱਸਿਆ ਕਿ ਗੁਰਦਾਸਪੁਰ ਜੇਲ੍ਹ 'ਚ ਲਗਭਗ 85 ਕੈਦੀ ਹਨ ਅਤੇ ਉਨ੍ਹਾਂ ਨੂੰ ਵਾਇਰਸ ਤੋਂ ਬਚਾਉਣ ਲਈ ਉਚ ਅਧਿਕਾਰੀਆਂ ਦੇ ਨਿਰਦੇਸ਼ 'ਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕਈ ਕਦਮ ਚੁੱਕੇ ਗਏ ਹਨ।

## ਪ੍ਰਾਪਰਟੀ ਵਿਵਾਦ ਵਿੱਚ ਦੋ ਭਰਾਵਾਂ ਨੇ ਇੱਕ-ਦੂਜੇ ਨੂੰ ਗੋਲੀ ਮਾਰੀ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਸਿਵਲ ਲਾਈਨਜ਼ ਇਲਾਕੇ ਵਿੱਚ ਜਾਇਦਾਦ ਦੇ ਝਗੜੇ ਵਿੱਚ ਦੋ ਭਰਾਵਾਂ ਨੇ ਇੱਕ-ਦੂਸਰੇ ਨੂੰ ਫਾਇਰਿੰਗ ਕਰ ਕੇ ਮਾਰ ਦਿੱਤਾ। ਛੋਟੇ ਨੇ ਪਹਿਲਾਂ ਵੱਡੇ ਭਰਾ ਨੂੰ ਗੋਲੀ ਮਾਰੀ, ਇਸ ਦੇ ਬਾਅਦ ਵੱਡੇ ਭਰਾ ਨੇ ਛੋਟੇ ਦੀ ਗੋਲੀ ਮਾਰ ਕੇ ਹੱਤਿਆ ਕੀਤੀ। ਇਹ ਵਾਰਦਾਤ ਐਤਵਾਰ ਦੇਰ ਰਾਤ ਦੀ ਹੈ। ਮ੍ਰਿਤਕਾਂ ਦੀ ਪਛਾਣ ਰਾਹੁਲ ਨਾਗਰ (35) ਅਤੇ ਤਨੁਜ ਨਾਗਰ (26) ਦੇ ਤੌਰ 'ਤੇ ਹੋਈ ਹੈ। ਮਾਮਲੇ ਦੀ ਸੂਚਨਾ ਮਿਲਣ ਪਿੱਛੋਂ ਪੁਲਸ ਨੇ ਵਾਰਦਾਤ ਵਿੱਚ ਇਸਤੇਮਾਲ ਨਾਜਾਇਜ਼ ਪਿਸਤੌਲ ਨੂੰ ਬਰਾਮਦ ਕਰ ਲਿਆ ਹੈ। ਪਤਾ ਲੱਗਾ ਹੈ ਕਿ ਦੋਵੇਂ ਭਰਾ ਮੂਲ ਰੂਪ ਤੋਂ ਵੇਦਪੁਰਾ ਪਿੰਡ ਗ੍ਰੇਟਰ ਨੋਇਡਾ ਦੇ ਵਸਨੀਕ ਸਨ। ਉਹ ਪਰਵਾਰ ਨਾਲ ਡੀ ਡੀ ਏ ਫਲੈਟ ਕਲੋਨੀ ਭਾਰਗਵ ਲੇਨ, ਸਿਵਲ ਲਾਈਨਜ਼ ਇਲਾਕੇ ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਨੰਦਰਾਮ ਨਾਗਰ ਤੀਸ ਹਜ਼ਾਰੀ ਕੋਰਟ ਤੋਂ ਰਿਟਾਇਰ ਹਨ। ਘਰ ਵਿੱਚ ਮਾਂ ਅਤੇ ਦੋ ਹੋਰ ਭਰਾ ਸਿਧਾਰਥ ਅਤੇ ਮੋਹਿਤ ਵੀ ਨਾਲ ਰਹਿੰਦੇ ਹਨ। ਰਾਹੁਲ ਸਾਕੇਤ ਕੋਰਟ ਵਿੱਚ ਨੌਕਰੀ ਕਰਦਾ ਸੀ, ਜੋ ਪਤਨੀ ਲਛਮੀ ਅਤੇ ਦੋ ਸਾਲ ਦੇ ਬੇਟੇ ਨਾਲ ਰਹਿੰਦਾ ਸੀ। ਪੁਲਸ ਦਾ ਕਹਿਣਾ ਹੈ ਕਿ ਦੇਰ ਰਾਤ ਤਨੁਜ ਘਰ ਦੇ ਬਾਹਰ ਸ਼ਰਾਬ ਪੀ ਰਿਹਾ ਸੀ। ਰਾਹੁਲ ਦੇ ਉਥੇ ਪਹੁੰਚਣ 'ਤੇ ਦੋਵਾਂ ਵਿੱਚ ਬਹਿਸ ਹੋ ਗਈ। ਤਨੁਜ ਨੇ ਰਾਹੁਲ ਦੇ ਪੇਟ ਵਿੱਚ ਗੋਲੀ ਮਾਰ ਦਿੱਤੀ।

## ਦੱਖਣੀ ਆਸਟ੍ਰੇਲੀਆ ਵਿੱਚ ਜਨਤਕ ਸਿਹਤ ਐਮਰਜੈਂਸੀ ਐਲਾਨੀ




ਐਡੀਲੇਡ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਫੈਲਣ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਪ੍ਰੀਮੀਅਰ ਸਟੀਵਨ ਮਾਰਸ਼ਲ ਵੱਲੋਂ ਦੱਖਣੀ ਆਸਟ੍ਰਲੀਆ 'ਚ ਜਨਤਕ ਸਿਹਤ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਜਿੰਨ੍ਹਾਂ ਸੰਭਵ ਹੋ ਸਕੇ ਅਧਿਕਾਰੀਆਂ ਨੂੰ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਸਮੇਤ ਪੁਲਸ ਮਦਦ ਲੈਣ ਦੇ ਵੀ ਸੰਕੇਤ ਜਾਰੀ ਕੀਤੇ ਹਨ। ਸਕੈਚ ਕਾਲਜ 'ਚ ਵਿਦਿਆਰਥੀਦੀ ਕੋਰੋਨਾ ਵਾਇਰਸ ਵਜੋਂ ਪੁਸ਼ਟੀ ਹੋਣ 'ਤੇ ਅਦਾਰਾ 48 ਘੰਟਿਆਂ ਬੰਦ ਕਰ ਦਿੱਤਾ ਗਿਆ ਹੈ। ਦੱਖਣੀ ਆਸਟ੍ਰਲੀਆ 'ਚ ਕਾਲਜ ਦੇ ਵਿਦਿਆਰਥੀ ਦੀ ਚੈਕਿੰਗ ਉਪਰੰਤ ਪੁਸ਼ਟੀ ਹੋਣ 'ਤੇ ਕੇਸਾਂ ਦੀ ਗਿਣਤੀ 29 ਤੱਕ ਪਹੁੰਚ ਗਈ ਹੈ। ਸਿਹਤ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਜੋ ਲੋਕ ਬਿਮਾਰ ਹਨ ਜਾਂ ਜਿਨ੍ਹਾਂ 'ਚ ਇਹ ਲੱਛਣ ਹਨ, ਲਾਜ਼ਮੀ ਤੌਰ 'ਤੇ ਆਪਣੇ-ਆਪ ਨੂੰ ਅਲਗ ਕਰ ਲੈਣ ਤੇ ਜਾਂਚ ਕਰਵਾਉਣ। ਸਾਊਥ ਆਸਟ੍ਰੇਲੀਆ ਜਿਊਰੀਜ਼ ਇੱਕ ਮਈ ਤੱਕ ਬੰਦ ਕੀਤੇ ਗਏ ਹਨ ਪਰ ਜ਼ਰੂਰੀ ਮਸਲੇ, ਮੁਕੱਦਮੇ, ਜ਼ਮਾਨਤਾਂ ਆਦਿ ਸਮੇਤ ਮਸਲੇ ਆਮ ਵਾਂਗ ਜਾਰੀ ਰਹਿਣਗੇ।

# ਭਾਰਤ ਪ੍ਰਤੀ ਨਰਮ ਸਨ ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ!



ਇਸਲਾਮਾਬਾਦ, 17 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਸਾਬਕਾ ਕੂਟਨੀਤਕ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਭਾਰਤ ਪ੍ਰਤੀ ਨਰਮ ਰਵੱਈਆ ਰੱਖਦੇ ਸਨ। ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਨੂੰ ਭਾਰਤ ਦੇ ਖਿਲਾਫ ਤੇ ਮੌਤ ਦੀ ਸਜ਼ਾ ਪ੍ਰਾਪਤ ਭਾਰਤੀ ਸਮੁੰਦਰੀ ਫੌਜ ਦੇ ਸਾਬਕਾ ਅਧਿਕਾਰੀ ਕੁਲਭੂਸ਼ਣ ਜਾਧਵ ਦੇ ਬਾਰੇ ਬੋਲਣ ਤੋਂ ਰੋਕ ਰੱਖਿਆ ਸੀ। ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਅੱਤਵਾਦੀ ਸਰਗਰਮੀਆਂ ਦਾ ਦੋਸ਼ੀ ਮੰਨ ਕੇ ਮੌਤ ਦੀ ਸਜ਼ਾ ਦਿੱਤੀ ਹੈ ਅਤੇ ਇਹ ਕੇਸ ਸੰਸਾਰ ਅਦਾਲਤ ਵਿੱਚ ਚੱਲ ਰਿਹਾ ਹੈ।

ਇਹ ਦਾਅਵਾ ਕਰਨ ਵਾਲੀ ਤਸਨੀਮ ਅਸਲਮ 2013 ਤੋਂ 2017 ਦਰਮਿਆਨ ਪਾਕਿਸਤਾਨੀ ਵਿਦੇਸ਼ ਵਿਭਾਗ ਦੀ ਬੁਲਾਰੇ ਦੇ ਰੂਪ ਵਿੱਚ ਕੰਮ ਕਰ ਚੁੱਕੀ ਸੀ। ਐਤਵਾਰ ਨੂੰ ਉਨ੍ਹਾਂ ਨੇ ਇਹ ਗੱਲ ਇੱਕ ਯੂ-ਟਿਊਬ ਚੈਨਲ ਦੇ ਨਾਲ ਇੰਟਰਵਿਊ ਵਿੱਚ ਕਹੀ। ਉਨ੍ਹਾਂ ਕਿਹਾ, ਨਵਾਜ਼ ਸ਼ਰੀਫ ਨਹੀਂ ਚਾਹੁੰਦੇ ਸਨ ਕਿ ਵਿਦੇਸ਼ ਵਿਭਾਗ ਭਾਰਤ ਅਤੇ ਜਾਧਵ ਦੇ ਖਿਲਾਫ ਕੁਝ ਬੋਲੇ। ਜਾਧਵ ਦਾ ਕੇਸ ਫਿਲਹਾਲ ਅੰਤਰਰਾਸ਼ਟਰੀ ਅਦਾਲਤ ਵਿੱਚ ਹੈ। ਅਸਲਮ ਨੇ ਕਿਹਾ, ਭਾਰਤ ਬਾਰੇ ਨਵਾਜ਼ ਸ਼ਰੀਫ ਦਾ ਨਰਮ ਰੁਖ਼ ਪਾਕਿਸਤਾਨ ਲਈ ਲਾਭਦਾਇਕ ਨਹੀਂ ਰਿਹਾ। ਇਹ ਨਹੀਂ ਪਤਾ ਕਿ ਭਾਰਤ ਪ੍ਰਤੀ ਇਹ ਨਰਮ ਰੁਖ਼ ਨਵਾਜ਼ ਸ਼ਰੀਫ ਲਈ ਲਾਭਦਾਇਕ ਰਿਹਾ ਜਾਂ ਨਹੀਂ, ਕਿਉਂਕਿ ਸ਼ਰੀਫ ਦੇ ਕਾਰੋਬਾਰੀ ਹਿੱਤ ਭਾਰਤ ਨਾਲ ਜੁੜੇ ਹੋਏ ਸਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ, ਸ਼ਰੀਫ ਦਾ ਪਰਵਾਰ ਵੀ ਭਾਰਤ ਸਮਰਥਕ ਹੈ। ਅਸਲਮ ਨੇ ਕਿਹਾ, ਸ਼ਰੀਫ ਜਦ 2014 ਵਿੱਚ ਭਾਰਤ ਗਏ ਸਨ ਤਾਂ ਉਹ ਜੰਮੂ-ਕਸ਼ਮੀਰ ਦੇ ਹੁਰੀਅਤ ਨੇਤਾਵਾਂ ਨੂੰ ਨਹੀਂ ਮਿਲੇ ਸਨ, ਜਦ ਕਿ ਭਾਰਤ ਦਾ ਦੌਰਾ ਕਰਨ ਵਾਲੇ ਸਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਹੁਰੀਅਤ ਨੇਤਾਵਾਂ ਨੂੰ ਮਿਲਦੇ ਸਨ। 2016 ਵਿੱਚ ਸ਼ਰੀਫ ਨੇ ਯੂ ਐੱਨ ਵਿੱਚ ਕਸ਼ਮੀਰ ਦਾ ਜ਼ਿਕਰ ਕੀਤਾ, ਪਰ ਭਾਰਤ ਅਤੇ ਜਾਧਵ ਬਾਰੇ ਉਨ੍ਹਾਂ ਨੇ ਕੁਝ ਨਹੀਂ ਕਿਹਾ। ਪਾਕਿਸਤਾਨੀ ਨੇਤਾ ਸੋਚਦੇ ਹਨ ਕਿ ਭਾਰਤ ਦੇ ਹਿੱਤਾਂ ਨੂੰ ਪੂਰਾ ਕਰ ਕੇ ਉਹ ਆਸਾਨੀ ਨਾਲ ਕੰਮ ਕਰ ਸਕਦੇ ਹਨ, ਪਰ ਇਹ ਮੁਸ਼ਕਲ ਹੁੰਦਾ ਹੈ।

ਓਧਰ ਪਾਕਿਸਤਾਨ ਦੀ ਇਮਰਾਨ ਸਰਕਾਰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਘੇਰਨ ਦਾ ਮੌਕਾ ਨਹੀਂ ਛੱਡਣਾ ਚਾਹੁੰਦੀ। ਰਾਸ਼ਟਰੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਨੇ ਜੰਗ ਜੀਉ ਮੀਡੀਆ ਗਰੁੱਪ ਦੇ ਮੁੱਖ ਸੰਪਾਦਕ ਨਾਲ ਜੁੜੇ ਕੇਸ ਵਿੱਚ ਉਨ੍ਹਾਂ ਨੂੰ ਵੀਹ ਮਾਰਚ ਤੋਂ ਪਹਿਲਾਂ ਪੇਸ਼ ਹੋਣ ਨੂੰ ਕਿਹਾ ਹੈ। ਐੱਨ ਏ ਬੀ ਨੇ 34 ਸਾਲ ਪੁਰਾਣੇ ਗੈਰ ਕਾਨੂੰਨੀ ਜ਼ਮੀਨ ਕਬਜ਼ੇ ਨਾਲ ਜੁੜੇ ਕੇਸ ਵਿੱਚ ਸੰਪਾਦਕ ਮੀਰ ਸ਼ਕੀਲ ਉਰ ਰਹਿਮਾਨ ਨੂੰ ਬੀਤੀ 12 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। ਡਾਨ ਨਿਊਜ਼ ਮੁਤਾਬਕ ਸ਼ਰੀਫ ਦੇ ਨਾਮ ਐਤਵਾਰ ਨੂੰ ਸੰਮਨ ਜਾਰੀ ਕੀਤਾ ਗਿਆ। ਐੱਨ ਏ ਬੀ ਨੇ ਕਿਹਾ ਕਿ ਪੰਜਾਬ ਸੂਬੇ ਦੇ ਮੁੱਖ ਮੰਤਰੀ ਰਹਿਣ ਦੌਰਾਨ ਸ਼ਰੀਫ ਨੇ ਹੀ 1986 ਵਿੱਚ ਰਹਿਮਾਨ ਨੂੰ 54 ਕਨਾਲ ਜ਼ਮੀਨ ਗੈਰ ਕਾਨੂੰਨੀ ਰੂਪ ਤੋਂ ਪੱਟੇ 'ਤੇ ਦਿੱਤੀ ਸੀ। ਰਹਿਮਾਨ ਨੇ ਕਿਹਾ ਸੀ ਕਿ ਉਨ੍ਹਾਂ ਨੇ ਇਹ ਜ਼ਮੀਨ ਇੱਕ ਵਿਅਕਤੀ ਤੋਂ ਖਰੀਦੀ ਸੀ ਅਤੇ ਕਿਸੇ ਤਰ੍ਹਾਂ ਦਾ ਗੈਰ ਕਾਨੂੰਨੀ ਲੈਣ-ਦੇਣ ਨਹੀਂ ਕੀਤਾ ਗਿਆ ਸੀ। ਜੰਗ ਗਰੁੱਪ ਨੇ ਕਿਹਾ ਹੈ ਕਿ ਉਸ ਦੇ ਮੁੱਖ ਸੰਪਾਦਕ ਨੇ ਜ਼ਮੀਨ ਖਰੀਦਣ ਸੰਬੰਧੀ ਸਾਰੇ ਦਸਤਾਵੇਜ ਐੱਨ ਏ ਬੀ ਨੂੰ ਉਪਲਬਧ ਕਰਵਾ ਦਿੱਤੇ ਹਨ।

## ਸਿੱਧੂ ਦੇ ਚੈਨਲ ਦੀ ਨਕਲ ਕਰਨ ਵਾਲੇ ਠੱਗਾਂ ਨੂੰ ਕਾਨੂੰਨੀ ਨੋਟਿਸ

ਅੰਮ੍ਰਿਤਸਰ, 17 ਮਾਰਚ (ਪੋਸਟ ਬਿਊਰੋ)- ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਦੇ ਲੋਕਾਂ ਨਾਲ ਸੰਪਰਕ ਲਈ ਸ਼ੁਰੂ ਕੀਤੇ ਚੈਨਲ 'ਜਿੱਤੇਗਾ ਪੰਜਾਬ' ਦੀ ਨਕਲ ਕਰ ਕੇ ਹੋਰ ਚੈਨਲ ਸ਼ੁਰੂ ਕਰਨ ਦੇ ਖ਼ਿਲਾਫ਼ ਕਾਪੀਰਾਈਟ ਕਾਨੂੰਨ ਦੀ ਉਲੰਘਣਾ ਹੇਠ ਨੋਟਿਸ ਭੇਜੇ ਗਏ ਹਨ। ਇਸ ਸਬੰਧ ਵਿੱਚ ਯੂ-ਟਿਊਬ ਦੇ ਪ੍ਰਬੰਧਕਾਂ ਨੂੰ ਵੀ ਨਵਜੋਤ ਸਿੰਘ ਸਿੱਧੂ ਨੇ ਇਸ ਤਰ੍ਹਾਂ ਦੀਆਂ ਗੁਮਰਾਹਕੁਨ ਗਤੀਵਿਧੀਆਂ ਰੋਕਣ ਲਈ ਅਪੀਲ ਕੀਤੀ ਹੈ। ਨਵਜੋਤ ਸਿੰਘ ਸਿੱਧੂ ਵੱਲੋਂ ਸ਼ੁਰੂ ਕੀਤੇ ਇਸ ਚੈਨਲ ਦੇ ਮੁੱਖ ਪ੍ਰਬੰਧਕ ਸੁਮਿਤ ਸਿੰਘ ਨੇ ਦੋਸ਼ ਲਾਇਆ ਕਿ ਪੰਜਾਬ ਦੋਖੀ ਤਾਕਤਾਂ ਨੇ ਲੋਕਾਂ ਨੂੰ ਭੰਬਲਭੂਸਾ ਪਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਤਾਕਤਾਂ ਨਵਜੋਤ ਸਿੰਘ ਸਿੱਧੂ ਦੀ ਇਸ ਕਾਰਵਾਈ ਤੋਂ ਘਬਰਾ ਗਈਆਂ ਹਨ ਅਤੇ ਉਨ੍ਹਾਂ ਨੇ ਅੜਿੱਕਾ ਪਾਉਣ ਲਈ ਜਿੱਤੇਗਾ ਪੰਜਾਬ ਨਾਂ ਨਾਲ ਮਿਲਦੇ-ਜੁਲਦੇ ਯੂ-ਟਿਊਬ ਚੈਨਲ ਬਣਾ ਲਏ ਹਨ। ਉਨ੍ਹਾਂ ਕਿਹਾ ਕਿ ਸਿੱਧੂ ਵੱਲੋਂ ਆਪਣਾ ਚੈਨਲ ਸ਼ੁਰੂ ਕਰਨ ਤੋਂ ਕੁਝ ਮਿੰਟਾਂ ਬਾਅਦ ਹੀ ਅਜਿਹੇ ਅਣਗਣਿਤ ਚੈਨਲ ਖੁੰਬਾਂ ਵਾਂਗ ਉਗੇ ਹਨ।

## ਉਡਾਣਾਂ ਬੰਦ ਹੋਣ ਕਾਰਨ ਘਰ ਗਏ ਭਾਰਤੀ ਡੂੰਘੇ ਫ਼ਿਕਰਾਂ 'ਚ

ਰੋਮ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਬਚਾਅ ਲਈ ਹਰ ਦੇਸ਼ ਹੌਲੀ-ਹੌਲੀ ਵਿਦੇਸ਼ੀਆਂ ਦੀ ਆਮਦ 'ਤੇ ਪੂਰੀ ਪਾਬੰਦੀ ਲਾਉਂਦਾ ਜਾ ਰਿਹਾ ਹੈ ਤੇ ਸਿਰਫ਼ ਉਨ੍ਹਾਂ ਵਿਦੇਸ਼ੀਆਂ ਨੂੰ ਦੇਸ਼ਾਂ 'ਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ ਜਿਨ੍ਹਾਂ ਕੋਲ ਕੋਰੋਨਾ ਵਾਇਰਸ ਨਾਲ ਸਬੰਧਿਤ ਮੈਡੀਕਲ ਸਰਟੀਫਿਕੇਟ ਹਨ ਪਰ ਵੱਡੀ ਮੁਸਬਤ ਉਨ੍ਹਾਂ ਲੋਕਾਂ ਲਈ ਬਣ ਰਹੀ ਹੈ ਜਿਹੜੇ ਏਅਰ ਇੰਡੀਆ, ਉਜ਼ਬੇਕਿਸਤਾਨ ਜਾਂ ਹੋਰ ਏਅਰਲਾਈਨਾਂ ਰਾਹੀਂ ਭਾਰਤ ਨੂੰ ਗਏ ਜਾਂ ਭਾਰਤ ਤੋਂ ਬਾਹਰ ਆਏ ਹਨ ਜਿਨ੍ਹਾਂ ਨੇ ਆਪਣੀਆਂ ਉਡਾਣਾਂ ਹੀ ਅਪ੍ਰੈਲ ਤੱਕ ਬੰਦ ਕਰ ਦਿੱਤੀਆਂ ਹਨ ਤੇ ਇਨ੍ਹਾਂ ਏਅਰਲਾਈਨਾਂ ਵੱਲੋਂ ਯਾਤਰੀਆਂ ਨੂੰ ਨਾ ਤਾਂ ਕੋਈ ਜਵਾਬ ਦਿੱਤਾ ਜਾ ਰਿਹਾ ਹੈ।

ਇਸ ਸਮੇਂ ਇਟਲੀ ਤੋਂ ਭਾਰਤ ਹਜ਼ਾਰਾਂ ਭਾਰਤੀ ਗਏ ਹਨ, ਜਿਨ੍ਹਾਂ ਦੀ ਵਾਪਸੀ ਮਾਰਚ ਵਿੱਚ ਸੀ ਪਰ ਸਬੰਧਿਤ ਏਅਰਲਾਈਨਾਂ ਵੱਲੋਂ ਉਡਾਣਾਂ ਬੰਦ ਹੋਣ ਕਾਰਨ ਜਿੱਥੇ ਸੈਂਕੜੇ ਭਾਰਤੀ ਆਪਣੇ ਇਟਲੀ ਬੈਠੇ ਪਰਵਾਰ ਸਬੰਧੀ ਗੰਭੀਰ ਚਿੰਤਾ 'ਚ ਡੁੱਬੇ ਦਿਖਾਈ ਦੇ ਰਹੇ ਹਨ ਉਥੇ ਸੈਂਕੜੇ ਭਾਰਤੀਆਂ ਦੀ ਇਟਲੀ ਦੀ ਨਿਵਾਸ ਆਗਿਆ ਵੀ ਮਾਰਚ 'ਚ ਖ਼ਤਮ ਹੋਣ ਜਾ ਰਹੀ ਹੈ ਤੇ ਜੇਕਰ ਇਹ ਭਾਰਤੀ ਅੱਜਕੱਲ੍ਹ ਇਟਲੀ ਵਾਪਸ ਨਹੀਂ ਪਹੁੰਚਦੇ ਤਾਂ ਉਨ੍ਹਾਂ ਦੇ ਇਟਲੀ ਦੇ ਪੇਪਰ ਖ਼ਰਾਬ ਹੋ ਸਕਦੇ ਹਨ ਜਿਸ ਨਾਲ ਅਨੇਕਾਂ ਭਾਰਤੀਆਂ ਨੂੰ ਆਪਣਾ ਭਵਿੱਖ ਕੋਰੋਨਾ ਵਾਇਰਸ ਦੀ ਮਾਰ ਹੇਠ ਧੁੰਦਲਾ ਨਜ਼ਰ ਆ ਰਿਹਾ ਹੈ। ਇਟਲੀ ਤੋਂ ਭਾਰਤ ਗਏ ਇੱਕ ਪਰਵਾਰ ਨੇ ਫੋਨ 'ਤੇ ਦੱਸਿਆ ਕਿ ਉਹ ਜਨਵਰੀ ਆਖ਼ੀਰ 'ਚ ਕਿਸੇ ਜ਼ਰੂਰੀ ਕੰਮ ਭਾਰਤ ਆਏ ਸਨ ਤੇ ਉਨ੍ਹਾਂ ਦੇ ਪਰਵਾਰ ਵਿੱਚੋਂ ਚਾਰ ਜੀਆਂ ਦੀ ਨਿਵਾਸ ਆਗਿਆ ਮਾਰਚ ਦੇ ਅਖ਼ੀਰ 'ਚ ਖ਼ਤਮ ਹੋ ਰਹੀ ਹੈ। ਇਸ ਦੇ ਮੱਦੇਨਜ਼ਰ ਹੀ ਉਨ੍ਹਾਂ ਇਟਲੀ ਵਾਪਸੀ ਲਈ ਏਅਰ ਇੰਡੀਆ ਦੀਆਂ 15 ਮਾਰਚ ਦੀਆਂ ਟਿਕਟਾਂ ਲਈਆਂ ਸਨ ਪਰ ਅਫ਼ਸੋਸ ਏਅਰ ਇੰਡੀਆ ਨੇ 13 ਮਾਰਚ ਤੋਂ ਉਡਾਣਾਂ ਅਚਾਨਕ ਬੰਦ ਕਰ ਦਿੱਤੀਆਂ ਜਿਸ ਕਾਰਨ ਪਰਵਾਰ ਲਈ ਮੁਸਬਤ ਬਣ ਗਈ ਹੈ।

## ਕੇਂਦਰ ਨੇ ਕਿਹਾ, ਐਸ ਵਾਈ ਐਲ ਮੁੱਦੇ ਉਤੇ ਪੰਜਾਬ ਤੇ ਹਰਿਆਣਾ ਵਿਚਲੇ ਰਸਤੇ ਲਈ ਸਹਿਮਤ ਨਹੀਂ



ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕੱਲ੍ਹ ਰਾਜ ਸਭਾ ਵਿੱਚ ਦੱਸਿਆ ਕਿ ਐਸ ਵਾਈ ਐਲ ਨਹਿਰ ਦੇ ਮੁੱਦੇ ਦੇ ਹੱਲ ਲਈ ਪੰਜਾਬ ਅਤੇ ਹਰਿਆਣਾ ਵਿਚਲਾ ਰਸਤਾ ਲੱਭਣ ਨੂੰ ਤਿਆਰ ਨਹੀਂ ਅਤੇ ਇਸ ਫ਼ੈਸਲੇ ਸਬੰਧੀ ਸੁਪਰੀਮ ਕੋਰਟ ਨੂੰ ਜਾਣੂੰ ਕਰਵਾ ਦਿੱਤਾ ਗਿਆ ਹੈ। ਪ੍ਰਸ਼ਨ ਕਾਲ ਦੌਰਾਨ ਇੱਕ ਸਵਾਲ ਦਾ ਜਵਾਬ ਦਿੰਦਿਆਂ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਐਸ ਵਾਈ ਐਲ ਮੁੱਦਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਅਸੀਂ ਸੁਪਰੀਮ ਕੋਰਟ ਨੂੰ ਫਿਰ ਲਿਖ ਦਿੱਤਾ ਹੈ। ਉਨ੍ਹਾਂ ਸਦਨ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਪੰਜਾਬ ਤੇ ਹਰਿਆਣਾ ਵਿਚਾਲੇ ਐਸ ਵਾਈ ਐਲ ਦਾ ਮੁੱਦਾ ਹੱਲ ਕਰਨ ਲਈ ਕੋਈ ਵਿਚਲਾ ਰਸਤਾ ਲੱਭਣ ਲਈ ਹਦਾਇਤਾਂ ਦਿੱਤੀਆਂ ਸਨ। ਕੇਂਦਰ ਨੇ ਪੰਜਾਬ ਅਤੇ ਹਰਿਆਣਾ ਦੋਵਾਂ ਨਾਲ ਗੱਲਬਾਤ ਕੀਤੀ ਤੇ ਦੋਵੇਂ ਸੂਬੇ ਮੁੱਦੇ ਦੇ ਹੱਲ ਲਈ ਵਿਚਲਾ ਰਸਤਾ ਲੱਭਣ ਲਈ ਤਿਆਰ ਨਹੀਂ ਹਨ। ਸ਼ੇਖਾਵਤ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦੋਵਾਂ ਰਾਜਾਂ ਨਾਲ ਹੋਈ ਗੱਲਬਾਤ ਬਾਰੇ ਸੁਪਰੀਮ ਕੋਰਟ ਨੂੰ ਲਿਖਤੀ ਰੂਪ 'ਚ ਦੱਸ ਦਿੱਤਾ ਹੈ। ਇਹ ਮਾਮਲਾ ਕਈ ਦਹਾਕਿਆਂ ਤੋਂ ਲਟਕਿਆ ਹੈ ਕਿਉਂਕਿ ਪੰਜਾਬ ਆਪਣੇ ਪਾਣੀਆਂ 'ਚੋਂ ਕੋਈ ਵੀ ਹਿੱਸਾ ਗੁਆਂਢੀ ਸੂਬੇ ਹਰਿਆਣਾ ਨੂੰ ਦੇਣ ਲਈ ਤਿਆਰ ਨਹੀਂ ਹੈ।

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਅੰਮ੍ਰਿਤਸਰ ਏਅਰਪੋਰਟ ਉੱਤੇ 21 ਲੱਖ ਰੁਪਏ ਦਾ ਸੋਨਾ ਫੜ੍ਹਿਆ

ਅਜਨਾਲਾ (ਅੰਮ੍ਰਿਤਸਰ), 17 ਮਾਰਚ (ਪੋਸਟ ਬਿਊਰੋ)- ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਟੀਮ ਨੇ ਮੁੰਬਈ ਤੋਂ ਪਹੁੰਚੇ ਇੱਕ ਯਾਤਰੀ ਤੋਂ 21 ਲੱਖ ਰੁਪਏ ਦਾ ਸੋਨਾ ਬਰਾਮਦ ਕੀਤਾ ਹੈ। ਪੁੱਛਗਿੱਛ ਦੇ ਬਾਅਦ ਅਧਿਕਾਰੀਆਂ ਨੇ ਇਸ ਯਾਤਰੀ ਨੂੰ ਏਅਰਪੋਰਟ ਲੈਣ ਪਹੁੰਚੇ ਰਿਸ਼ਤੇਦਾਰ ਨੂੰ ਵੀ ਗ੍ਰਿਫਤਾਰ ਕਰ ਲਿਆ ਅਤੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਬਿਹਾਰ ਦੇ ਜ਼ਿਲਾ ਗੋਪਾਲਗੰਜ ਦੇ ਪਿੰਡ ਮੁਹੰਮਦਪੁਰ ਦਾ ਵਾਸੀ ਪਵਨ ਕੁਮਾਰ ਦੁਬਈ ਤੋਂ ਆਈ ਏਅਰ ਇੰਡੀਆ ਐਕਸਪ੍ਰੈਸ ਦੀ ਫਲਾਈਟ ਤੋਂ ਸੋਮਵਾਰ ਇਸ ਏਅਰਪੋਰਟ 'ਤੇ ਪਹੁੰਚਿਆ। ਏਅਰ ਇੰਟੈਲੀਜੈਂਸ ਨੂੰ ਇਸ ਯਾਤਰੀ ਵੱਲੋਂ ਦੁਬਈ ਤੋਂ ਸੋਨਾ ਲਿਆਉਣ ਦੀ ਪਹਿਲਾਂ ਤੋਂ ਸੂਚਨਾ ਸੀ। ਕਸਟਮ ਚੈਕ ਲਈ ਜਦ ਏਅਰ ਇੰਟੈਲੀਜੈਂਸ ਦੇ ਕਾਊਂਟਰ 'ਤੇ ਪਹੁੰਚਿਆ ਤਾਂ ਸੋਨਾ ਲਿਆਉਣ ਬਾਰੇ ਪੁੱਛਣ 'ਤੇ ਉਸ ਨੇ ਅਣਜਾਣਤਾ ਜਤਾਈ। ਕਸਟਮ ਅਧਿਕਾਰੀਆਂ ਨੇ ਉਸ ਦੇ ਸਾਮਾਨ ਦੀ ਜਾਂਚ ਕੀਤੀ, ਪਰ ਉਸ ਵਿੱਚ ਕੁਝ ਨਹੀਂ ਮਿਲਿਆ। ਇਸ ਦੌਰਾਨ ਉਸ ਦੇ ਸਾਮਾਨ ਦੇ ਵਿੱਚ ਰੱਖੀ ਫਾਈਲ ਨੂੰ ਦੇਖਿਆ ਗਿਆ ਤਾਂ ਉਹ ਸੋਨੇ ਨੂੰ ਪੱਤਰੇ (ਪੇਪਰ) ਦੀ ਫਾਰਮ ਵਿੱਚ ਲਿਆਇਆ ਸੀ, ਜਿਸ ਜਿਸ ਨੂੰ ਕਾਰਬਨ ਨਾਲ ਕੋਟਿਡ ਕੀਤਾ ਹੋਇਆ ਸੀ। ਫਾਈਲ ਦੇ ਇੱਕ ਇੱਕ ਪੰਨੇ ਨੂੰ ਦੇਖਿਆ ਅਤੇ ਉਸ ਦੇ ਅੰਦਰ ਕਾਰਬਨ ਕੋਟਿਡ ਪੇਪਰ ਫਾਰਮ ਵਿੱਚ ਸੋਨਾ ਛੁਪਿਆ ਮਿਲਿਆ। ਇਸ ਦਾ ਵਜਨ ਕਰੀਬ 500 ਗ੍ਰਾਮ ਸੀ। ਇਸ ਦੀ ਮਾਰਕੀਟ ਕੀਮਤ ਕਰੀਬ 21 ਲੱਖ ਰੁਪਏ ਬਣਦੀ ਹੈ। ਕਸਟਮ ਕਮਿਸ਼ਨਰੇਟ ਅੰਮ੍ਰਿਤਸਰ ਦੇ ਕਮਿਸ਼ਨਰ ਦੀਪਕ ਕੁਮਾਰ ਗੁਪਤਾ ਨੇ ਦੱਸਿਆ ਕਿ ਪਹਿਲਾਂ ਤੋਂ ਉਨ੍ਹਾਂ ਦੇ ਕੋਲ ਇਹ ਸੂਚਨਾ ਸੀ। ਦੋਵਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਦੋਸਤ ਨਾਲ ਬੈਂਕ ਜਾਂਦੇ ਨੌਜਵਾਨ ਨੂੰ ਟਰੱਕ ਨੇ ਕੁਚਲਿਆ

ਜਲੰਧਰ, 17 ਮਾਰਚ (ਪੋਸਟ ਬਿਊਰੋ)- ਭਗਤ ਸਿੰਘ ਕਲੋਨੀ ਦੇ ਬਾਹਰ ਸਰਵਿਸ ਲੇਨ 'ਤੇ ਸਾਈਕਲ 'ਤੇ ਦੋਸਤ ਨਾਲ ਜਾ ਰਹੇ ਤਿੰਨ ਮਹੀਨਾ ਪਹਿਲਾਂ ਵਿਆਹੇ ਨੌਜਵਾਨ ਨੂੰ ਟਰੱਕ ਨੇ ਕੁਚਲ ਦਿੱਤਾ। ਗੰਭੀਰ ਜ਼ਖਮੀ ਹੋਏ ਨੌਜਵਾਨ ਦੀ ਕੁਝ ਹੀ ਸੈਕਿੰਡ ਬਾਅਦ ਮੌਤ ਹੋ ਗਈ। ਉਸ ਦਾ ਦੋਸਤ ਜ਼ਖਮੀ ਹੋ ਗਿਆ। ਪੁਲਸ ਨੇ ਜ਼ਖਮੀ ਨੌਜਵਾਨ ਦੇ ਬਿਆਨਾਂ 'ਤੇ ਅਣਪਛਾਤੇ ਟਰੱਕ ਚਾਲਕ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ-ਇੱਕ ਦੇ ਏ ਐੱਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਤਿੰਦਰ ਸਿੰਘ (25) ਪੁੱਤਰ ਰਾਮ ਸਿੰਘ ਵਾਸੀ ਸੰਜੇ ਗਾਂਧੀ ਨਗਰ (ਮੂਲ ਵਾਸੀ ਯੂ ਪੀ) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਤਿੰਦਰ ਦਾ ਤਿੰਨ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਉਹ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ ਤੇ ਆਪਣੇ ਦੋਸਤ ਸ਼ਿਵ ਕੁਮਾਰ ਨਾਲ ਮਕਸੂਦਾਂ ਦੇ ਇੱਕ ਬੈਂਕ ਤੋਂ ਪੈਸੇ ਕਢਵਾਉਣ ਲਈ ਸਾਈਕਲ 'ਤੇ ਚੱਲਿਆ ਸੀ। ਜਦੋਂ ਉਹ ਦੋਵੇਂ ਭਗਤ ਸਿੰਘ ਕਲੋਨੀ ਦੀ ਸਰਵਿਸ ਲੇਨ 'ਤੇ ਪਹੁੰਚੇ ਤਾਂ ਪਿੱਛੋਂ ਆਏ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਦੇ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਸਤਿੰਦਰ ਨੂੰ ਗੰਭੀਰ ਸੱਟਾਂ ਲੱਗੀਆਂ, ਜਿਸ ਨੇ ਮੌਕੇ 'ਤੇ ਦਮ ਤੋੜ ਦਿੱਤਾ ਅਤੇ ਸ਼ਿਵ ਕੁਮਾਰ ਵੀ ਜ਼ਖਮੀ ਹੋ ਗਿਆ। ਟਰੱਕ ਚਾਲਕ ਫਰਾਰ ਹੋ ਗਿਆ ਸੀ। ਰਾਹਗੀਰਾਂ ਨੇ ਸ਼ਿਵ ਕੁਮਾਰ ਨੂੰ ਹਸਪਤਾਲ ਦਾਖਲ ਕਰਵਾਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਥਾਣਾ ਇੱਕ ਦੇ ਇੰਚਾਰਜ ਰਾਜੇਸ਼ ਕੁਮਾਰ ਮੌਕੇ 'ਤੇ ਪਹੁੰਚੇ ਅਤੇ ਮ੍ਰਿਤਕ ਦੀ ਪਤਨੀ ਨੂੰ ਸੂਚਨਾ ਦਿੱਤੀ। ਪੁਲਸ ਦਾ ਕਹਿਣਾ ਹੈ ਕਿ ਜ਼ਖਮੀ ਹੋਏ ਸ਼ਿਵ ਕੁਮਾਰ ਦੇ ਬਿਆਨਾਂ 'ਤੇ ਅਣਪਛਾਤੇ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ।

## ਬਠਿੰਡਾ ਤੇ ਪਟਿਆਲਾ ਵੱਲੋਂ ਗਊ ਸੈਸ ਦੀ ਦੁਰਵਰਤੋਂ, ਮੁਲਾਜ਼ਮਾਂ ਦੀ ਤਨਖਾਹ ਲਈ ਪੈਸੇ ਵਰਤੇ

ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਨਗਰ ਨਿਗਮ ਪਟਿਆਲਾ ਵੱਲੋਂ ਗਊ ਸੈਂਸ ਦਾ ਪੈਸਾ ਮੁਲਜ਼ਮਾਂ, ਅਧਿਕਾਰੀਆਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਕਰ ਦਿੱਤਾ ਗਿਆ ਹੈ। ਨਿਯਮਾਂ ਅਨੁਸਾਰ ਗਊ ਸੈਸ ਦਾ ਪੈਸਾ ਕਿਸੇ ਹੋਰ ਮੰਤਵ ਉਤੇ ਖ਼ਰਚ ਨਹੀਂ ਕੀਤਾ ਜਾ ਸਕਦਾ। ਲੋਕਲ ਬਾਡੀਜ਼ ਅਤੇ ਪੰਚਾਇਤੀ ਇਕਾਈਆਂ ਬਾਰੇ ਕਮੇਟੀ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜ਼ਿੰਮੇਵਾਰ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਸਿਫ਼ਰਾਸ਼ ਕੀਤੀ ਹੈ।

ਇਹ ਦਾ ਭੇਦ ਲੋਕਲ ਬਾਡੀਜ਼ ਤੇ ਪੰਚਾਇਤੀ ਇਕਾਈਆਂ ਬਾਰੇ ਵਿਧਾਨ ਸਭਾ ਦੀ ਕਮੇਟੀ ਵੱਲੋਂ ਪੇਸ਼ ਕੀਤੀ 21ਵੀਂ ਰਿਪੋਰਟ 'ਚ ਹੋਇਆ ਹੈ। ਤਾਜ਼ਾ ਬਜਟ ਸੈਸ਼ਨ ਮੌਕੇ ਕਮੇਟੀ ਦੇ ਚੇਅਰਮੈਨ ਹਰਪ੍ਰਤਾਪ ਸਿੰਘ ਅਜਨਾਲਾ ਨੇ ਲੋਕਲ ਬਾਡੀਜ਼ ਬਾਰੇ ਸਾਲ 2015-16 ਦੀ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਮਈ 2015 ਵਿੱਚ ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ ਨੇ ਸਾਰੀਆਂ ਸਥਾਨਕ ਸੰਸਥਾਵਾਂ ਨੂੰ ਗਊਆਂ ਦੀ ਸੰਭਾਲ ਅਤੇ ਰੱਖ ਰਖਾਅ ਲਈ ਵਰਤੇ ਜਾਣ ਲਈ ਖ਼ਾਸ ਵਸਤਾਂ 'ਤੇ ਗਊ ਸੈਸ ਲਾਉਣ ਦੇ ਨਿਰਦੇਸ਼ ਦਿੱਤੇ ਸਨ। 42 ਨਗਰ ਸੰਸਥਾਵਾਂ ਦੇ ਰਿਕਾਰਡ ਦੀ ਪੜਤਾਲ ਤੋਂ ਪਤਾ ਲੱਗਾ ਕਿ 41 ਲੋਕਲ ਬਾਡੀਜ਼ ਨੇ ਗਊ ਸੈਸ ਬਾਰੇ ਨੋਟੀਫਿਕੇਸ਼ਨ ਲਾਗੂ ਹੀ ਨਹੀਂ ਕੀਤਾ। ਇਹ ਐਕਸਾਈਜ਼ ਵਿਭਾਗ ਅਤੇ ਲੋਕਲ ਬਾਡੀਜ਼ ਦੀ ਤਾਲਮੇਲ ਦੀ ਘਾਟ ਕਾਰਨ ਸ਼ਰਾਬ ਅਤੇ ਸੀਮੈਂਟ 'ਤੇ ਲਾਗੂ ਨਹੀਂ ਹੋ ਸਕਿਆ। ਜਾਂਚ ਵਿੱਚ ਪਤਾ ਲੱਗਾ ਕਿ ਨਗਰ ਨਿਗਮ ਬਠਿੰਡਾ ਨੇ 2015-16 ਦੌਰਾਨ ਗਊ ਸੈਸ ਦੇ ਖਾਤੇ ਵਿੱਚੋਂ 2.76 ਕਰੋੜ ਰੁਪਏ ਇਕੱਠੇ ਕੀਤੇ ਅਤੇ ਇਸ ਵਿੱਚੋਂ ਸੈਸ ਦੇ 1.94 ਕਰੋੜ ਗਊਆਂ ਦੀ ਸੰਭਾਲ ਅਤੇ ਰੱਖ ਰਖਾਅ 'ਤੇ ਖ਼ਰਚ ਕੀਤੇ। ਇਸੇ ਤਰ੍ਹਾਂ ਨਗਰ ਨਿਗਮ ਪਟਿਆਲਾ ਨੇ ਅਪ੍ਰੈਲ 2013 ਤੋਂ ਜੂਨ 2015 ਦੌਰਾਨ ਗਊ ਸੈਸ ਵਜੋਂ ਇਕੱਠੇ ਕੀਤੇ 1.03 ਕਰੋੜ ਰੁਪਏ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਕਰ ਦਿੱਤੇ। ਨਿਯਮਾਂ ਅਨੁਸਾਰ ਗਊ ਸੈਸ ਦਾ ਪੈਸਾ ਗਊਆਂ ਦੀ ਸੰਭਾਲ ਤੇ ਰੱਖ ਰਖਾਅ 'ਤੇ ਹੀ ਖ਼ਰਚ ਹੋ ਸਕਦਾ ਹੈ।

ਵਿਧਾਨ ਸਭਾ ਦੀ ਲੋਕਲ ਬਾਡੀਜ਼ ਅਤੇ ਪੰਚਾਇਤੀ ਇਕਾਈਆਂ ਬਾਰੇ ਕਮੇਟੀ ਨੇ ਗਊ ਸੈਸ ਦਾ ਪੈਸਾ ਕਿਸੇ ਹੋਰ ਥਾਂ ਵਰਤਣ ਨੂੰ ਗੰਭੀਰਤਾ ਨਾਲ ਲਿਆ ਅਤੇ ਇਸ ਤਰ੍ਹਾਂ ਕਰਨ ਵਾਲੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਅਤੇ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਪਟਿਆਲਾ ਨਗਰ ਨਿਗਮ ਨੇ ਆਪਣੇ ਜਵਾਬ ਵਿੱਚ 52 ਲੱਖ ਰੁਪਏ ਵਾਪਸ ਗਊ ਸੈਸ ਫੰਡ ਵਿੱਚ ਜਮ੍ਹਾਂ ਕਰਵਾਉਣ ਅਤੇ ਬਾਕੀ ਪੈਸਾ ਜਲਦੀ ਕਰਵਾਉਣ ਦਾ ਭਰੋਸਾ ਦਿੱਤਾ ਹੈ, ਪਰ ਕਮੇਟੀ ਨੇ ਇਸ ਨੂੰ ਗੰਭੀਰ ਕੁਤਾਹੀ ਵਜੋਂ ਲੈਂਦਿਆਂ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ।

## ਆਨੰਦਪੁਰ ਸਾਹਿਬ ਵਿੱਚ ਟੋਪੀਆਂ ਉਤਾਰਨ ਦਾ ਮਾਮਲਾ ਜਥੇਦਾਰ ਕੋਲ ਜਾ ਪੁੱਜਾ

ਸ੍ਰੀ ਅਨੰਦਪੁਰ ਸਾਹਿਬ, 17 ਮਾਰਚ (ਪੋਸਟ ਬਿਊਰੋ)- ਹੋਲੇ ਮਹੱਲੇ ਮੌਕੇ ਨਿਹੰਗ ਸਿੰਘਾਂ ਦੇ ਪਹਿਰਾਵੇ ਵਿੱਚ ਕੁਝ ਲੋਕਾਂ ਵੱਲੋਂ ਗ਼ੈਰ ਸਿੱਖਾਂ ਦੀਆਂ ਟੋਪੀਆਂ ਉਤਾਰਨ ਦਾ ਕੇਸ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੋਲ ਪੁੱਜ ਗਿਆ ਹੈ। ਇਸ ਬਾਰੇ ਐਡਵੋਕੇਟ ਸਤਬੀਰ ਰਾਣਾ ਨੇ ਦੱਸਿਆ ਕਿ ਕੱਲ੍ਹ ਉਹ ਇੱਕ ਵਫ਼ਦ ਦੇ ਨਾਲ ਗਿਆਨੀ ਰਘਬੀਰ ਸਿੰਘ ਨੂੰ ਮਿਲੇ ਤੇ ਉਨ੍ਹਾਂ ਨਾਲ ਇਸ ਬਾਰੇ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਵਫ਼ਦ ਨੇ ਸ਼ਿਕਾਇਤ ਕੀਤੀ ਕਿ ਹੋਲੇ ਮਹੱਲੇ ਮੌਕੇ ਕੁਝ ਨਿਹੰਗ ਸਿੰਘਾਂ ਵੱਲੋਂ ਗ਼ੈਰ ਸਿੱਖਾਂ ਦੀਆਂ ਟੋਪੀਆਂ ਜ਼ਬਰਦਸਤੀ ਉਤਾਰ ਕੇ ਨੇਜਿਆਂ ਉਤੇ ਟੰਗ ਕੇ ਉਨ੍ਹਾਂ ਦਾ ਪ੍ਰਦਰਸ਼ਨ ਕੀਤਾ ਗਿਆ ਜਿਸ ਨਾਲ ਹਿੰਦੂ ਭਾਈਚਾਰੇ ਨੂੰ ਠੇਸ ਪੁੱਜੀ ਹੈ। ਰਾਣਾ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਹਿੰਦੂ ਗੁਰਦੁਆਰਾ ਸਾਹਿਬ ਵਿਖੇ ਸ਼ਰਧਾ ਨਾਲ ਦਰਸ਼ਨ ਕਰਨ ਲਈ ਆਉਂਦੇ ਹਨ ਪਰ ਇਸ ਵਰਤਾਰੇ ਨਾਲ ਉਨ੍ਹਾਂ ਨੂੰ ਦੁੱਖ ਪੁੱਜਾ ਹੈ।

## 41 ਲੱਖ 20 ਹਜ਼ਾਰ ਦੀ ਡਰੱਗ ਮਨੀ ਬਰਾਮਦ



ਬਰਨਾਲਾ, 17 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੀ ਮਸ਼ਹੂਰ ਫਰਮ ਬੀਰੂ ਰਾਮ ਠਾਕੁਰ ਦਾਸ ਦੇ ਨਰੇਸ਼ ਕੁਮਾਰ ਮਿੱਤਲ ਉਰਫ ਰਿੰਕੂ ਤੋਂ ਮਿਲੀਆਂ ਨਸ਼ੇ ਦੀਆਂ ਗੋਲੀਆਂ ਮਗਰੋਂ ਪੁਲਸ ਨੂੰ ਫਿਰ ਕਾਮਯਾਬੀ ਮਿਲੀ ਹੈ। ਐੱਸ ਐੱਸ ਪੀ ਸੰਦੀਪ ਗੋਇਲ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਪੁਲਸ ਇਸ ਮਾਮਲੇ 'ਚ ਅੱਜ ਤੱਕ ਨਸ਼ੇ ਦੀਆਂ 41 ਲੱਖ 76 ਹਜ਼ਾਰ 770 ਗੋਲੀਆਂ, ਕੈਪਸੂਲ ਅਤੇ ਨਸ਼ੇ ਵਾਲੇ ਟੀਕੇ ਬਰਾਮਦ ਕਰ ਚੁੱਕੀ ਹੈ ਅਤੇ 41 ਲੱਖ 20 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਕੱਲ੍ਹ ਸੀ ਆਈ ਏ ਸਟਾਫ ਦੇ ਮੁਖੀ ਬਲਜੀਤ ਸਿੰਘ ਨੇ ਆਰ ਕੇ ਫਾਰਮਾ ਮਾਲੇਰਕੋਟਲਾ ਦੇ ਮਾਲਕ ਰਜਿੰਦਰ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ ਨਸ਼ੇ ਵਾਲੀਆਂ ਇੱਕ ਲੱਖ 60 ਹਜ਼ਾਰ 590 ਗੋਲੀਆਂ, ਕੈਪਸੂਲ ਅਤੇ 35 ਲੱਖ 60 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਅਤੇ ਉਸ ਨੂੰ ਵੀ ਇਸੇ ਕੇਸ ਨਾਲ ਅਟੈਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 25 ਫਰਵਰੀ ਨੂੰ ਮੋਹਨ ਲਾਲ ਉਰਫ ਕਾਲਾ ਵਾਸੀ ਬਰਨਾਲਾ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ ਨਸ਼ੇ ਵਾਲੀਆਂ 2000 ਗੋਲੀਆਂ ਬਰਾਮਦ ਕੀਤੀਆਂ ਗਈਆਂ ਸਨ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਸੀ ਕਿ ਉਹ ਇਹ ਗੋਲੀਆਂ ਬਲਵਿੰਦਰ ਸਿੰਘ ਵਾਸੀ ਬਰਨਾਲਾ ਤੋਂ ਲਿਆਉਂਦਾ ਹੈ। ਫਿਰ ਉਸ ਨੂੰ ਵੀ ਗ੍ਰਿਫਾਤਰ ਕੀਤਾ ਗਿਆ ਸੀ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਗੋਲੀਆਂ ਨਰੇਸ਼ ਕੁਮਾਰ ਮਿੱਤਲ ਉਰਫ ਰਿੰਕੂ ਤੋਂ ਲਿਆਉਂਦਾ ਹੈ ਤਾਂ ਉਸ ਨੂੰ ਵੀ ਗ੍ਰਿਫਤਾਰ ਕਰ ਕੇ ਨਸ਼ੇ ਦੀਆਂ 6700 ਗੋਲੀਆਂ ਅਤੇ ਪੰਜ ਲੱਖ ਰੁਪਏ ਡਰੱਗ ਮਨੀ ਅਤੇ ਕਾਰ ਬਰਾਮਦ ਕੀਤੀ ਸੀ। ਨਰੇਸ਼ ਮਿੱਤਲ ਦੀ ਨਿਸ਼ਾਨਦੇਹੀ ਉੱਤੇ ਤਾਇਬ ਕੁਰੈਸ਼ੀ ਵਾਸੀ ਮਥੁਰਾ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ ਚਾਲੀ ਲੱਖ ਇੱਕ ਹਜ਼ਾਰ ਚਾਲੀ ਗੋਲੀਆਂ, ਨਸ਼ੇ ਵਾਲੇ ਟੀਕੇ ਬਰਾਮਦ ਕੀਤੇ ਗਏ। ਨਰੇਸ਼ ਮਿੱਤਲ ਅਤੇ ਤਾਇਬ ਕੁਰੈਸ਼ੀ ਤੋਂ ਸਾਂਝੀ ਪੁੱਛਗਿੱਛ 'ਤੇ ਰੁਪੇਸ਼ ਕੁਮਾਰ ਮਾਲਕ ਸ਼ਿਵਮ ਮੈਡੀਕਲ ਹਾਲ ਬਰਨਾਲਾ, ਪ੍ਰੇਮ ਕੁਮਾਰ ਮਾਲਕ ਐੱਨ ਐੱਸ ਮੈਡੀਕਲ ਹਾਲ ਬਰਨਾਲਾ, ਹਰਦੀਪ ਬੱਬੂ ਮਾਲਕ ਕ੍ਰਿਸ਼ਨਾ ਮੈਡੀਕਲ ਹਾਲ ਬਰਨਾਲਾ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਹਰਦੀਪ ਕੁਮਾਰ ਬੱਬੂ ਤੋਂ ਨਸ਼ੇ ਵਾਲੀਆਂ 3000 ਗੋਲੀਆਂ ਅਤੇ 60 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਰੁਪੇਸ਼ ਕੁਮਾਰ ਦੀ ਨਿਸ਼ਾਨਦੇਹੀ 'ਤੇ ਨਸ਼ੇ ਵਾਲੀਆਂ 3440 ਗੋਲੀਆਂ ਬਰਾਮਦ ਕੀਤੀਆਂ ਗਈਆਂ। ਇਸ ਕੇਸ ਦੀ ਤਫਤੀਸ਼ ਮਗਰੋਂ ਰਜਿੰਦਰ ਕੁਮਾਰ ਵਾਸੀ ਮਾਲੇਰਕੋਟਲਾ ਨੂੰ ਗ੍ਰਿਫਤਾਰ ਕਰ ਕੇ ਨਸ਼ੇ ਵਾਲੀਆਂ ਇੱਕ ਲੱਖ 60 ਹਜ਼ਾਰ 590 ਗੋਲੀਆਂ ਅਤੇ 35 ਲੱਖ 60 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਇਸ ਕੇਸ ਵਿੱਚ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖ਼ਾਹ
Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਏਅਰ ਹੋਸਟੇਸ ਨਾਲ ਬਹਿਸ ਹੋਣ ਪਿੱਛੋਂ ਯਾਤਰੀ ਨੇ ਉਸ ਉਤੇ ਥੁੱਕਿਆ, ਥੱਪੜ ਮਾਰਿਆ

ਬ੍ਰਸੇਲਜ਼, 17 ਮਾਰਚ (ਪੋਸਟ ਬਿਊਰੋ)- ਫਲਾਈਟ ਵਿਚ ਸਫਰ ਦੌਰਾਨ ਅਕਸਰ ਝੜਪ ਹੋ ਜਾਣ ਦੇ ਕੇਸ ਆਉਂਦੇ ਰਹਿੰਦੇ ਹਨ। ਅਜਿਹਾ ਇਕ ਕੇਸ ਬੈਲਜੀਅਮ ਦੀ ਰਾਜਧਾਨੀ ਬ੍ਰਸੇਲਜ਼ ਦੀ ਇਕ ਫਲਾਈਟ ਦਾ ਸਾਹਮਣੇ ਆਇਆ ਹੈ। ਇੱਥੇ ਇਕ ਫਲਾਈਟ ਵਿਚ ਯਾਤਰੀ ਅਤੇ ਏਅਰ ਹੋਸਟੇਸ ਦੇ ਵਿਚ ਕੁੱਟਮਾਰ ਹੋ ਗਈ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਇਕ ਪੁਰਸ਼ ਯਾਤਰੀ ਨੇ ਏਅਰ ਹੋਸਟੇਸ ਨੂੰ ਥੱਪੜ ਮਾਰਿਆ ਅਤੇ ਚਿਹਰੇ ਉੱਤੇ ਥੁੱਕਿਆ। ਸੋਸ਼ਲ ਮੀਡੀਆ ਉੱਤੇ ਇਸ ਘਟਨਾ ਦਾ ਵੀਡੀਓ ਵਾਇਰਲ ਹੋ ਚੁੱਕਾ ਹੈ। ਰਿਪੋਰਟ ਦੇ ਮੁਤਾਬਕ ਇਹ ਘਟਨਾ ਬ੍ਰਸੇਲਜ਼ ਏਅਰਲਾਈਨ ਦੀ ਫਲਾਈਟ ਦੀ ਹੈ। ਏਅਰਲਾਈਨ ਨੇ ਇਸ ਘਟਨਾ ਦੇ ਬਾਰੇ ਕੋਈ



ਪ੍ਰਤੀਕਿਰਿਆ ਨਹੀਂ ਦਿੱਤੀ। ਕਰੀਬ 2 ਮਿੰਟ ਦੇ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਇਕ ਹੋਰ ਫਲਾਈਟ ਅਟੈਂਡੈਂਟ ਯਾਤਰੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਯਾਤਰੀ ਦੇ ਹੰਗਾਮਾ ਕਰਨ ਕਾਰਨ ਪਹਿਲਾਂ ਏਅਰ ਹੋਸਟੇਸ ਨੇ ਵੀ ਉਸ ਨੂੰ ਥੱਪੜ ਮਾਰਿਆ ਸੀ। ਵੀਡੀਓ ਵਿਚ ਯਾਤਰੀ ਦੀ ਪਤਨੀ ਉੱਚੀ ਬੋਲਦੀ ਸੁਣੀ ਜਾ ਸਕਦੀ ਹੈ। ਸਮਝਿਆ ਜਾ ਰਿਹਾ ਹੈ ਕਿ ਹੰਗਾਮਾ ਉਦੋਂ ਸ਼ੁਰੂ ਹੋਇਆ ਜਦੋਂ ਯਾਤਰੀ ਨੇ ਸ਼ਿਕਾਇਤ ਕੀਤੀ ਕਿ ਉਸ ਦੀ ਮਾਂ ਨਾਲ ਅਗਲੀ ਸੀਟ ਉੱਤੇ ਬੈਠਾ ਵਿਅਕਤੀ ਬਦਤਮੀਜ਼ੀ ਕਰ ਰਿਹਾ ਹੈ। ਇਸ ਪਿੱਛੋਂ ਇਕ ਪੁਰਸ਼ ਫਲਾਈਟ ਅਟੈਂਡੈਂਟ ਅਤੇ ਸ਼ਿਕਾਇਤ ਕਰਨ ਵਾਲੇ ਯਾਤਰੀ ਦੀ ਝੜਪ ਹੋ ਗਈ। ਸਥਿਤੀ ਸੰਭਾਲਣ ਲਈ ਸੀਨੀਅਰ ਏਅਰ ਹੋਸਟੇਸ ਆਈ ਤਾਂ ਵੀਡੀਓ ਵਿਚ ਏਅਰ ਹੋਸਟੇਸ ਪੁਲਸ ਨੂੰ ਬੁਲਾਉਣ ਦੀ ਧਮਕੀ ਦਿੰਦੀ ਹੈ। ਇਸ ਪਿੱਛੋਂ ਯਾਤਰੀ ਅਤੇ ਉਸ ਦੀ ਪਤਨੀ ਕਹਿੰਦੇ ਹਨ ਕਿ ਇਹ ਸਭ ਕੁਝ ਫਲਾਈਟ ਅਟੈਂਡੈਂਟ ਕਾਰਨ ਸ਼ੁਰੂ ਹੋਇਆ ਹੈ, ਪਰ ਏਅਰ ਹੋਸਟੇਸ ਧਮਕਾ ਕੇ ਕਹਿੰਦੀ ਹੈ ਕਿ ਸ਼ਾਂਤ ਹੋ ਜਾਓ ਨਹੀਂ ਤਾਂ ਤੁਹਾਨੂੰ ਕਾਫੀ ਮੁਸ਼ਕਲ ਹੋਵੇਗੀ। ਯਾਤਰੀ ਸ਼ਾਂਤ ਕਰਨ ਦੇ ਬਾਵਜੂਦ ਜ਼ੋਰ ਨਾਲ ਬੋਲਦਾ ਅਤੇ ਏਅਰ ਹੋਸਟੇਸ ਦੇ ਚਿਹਰੇ ਤੱਕ ਆਪਣੇ ਹੱਥ ਵਧਾਉਂਦਾ ਹੈ। ਇਸ ਦੇ ਬਾਅਦ ਏਅਰ ਹੋਸਟੇਸ ਉਸ ਨੂੰ ਥੱਪੜ ਮਾਰਦੀ ਹੈ। ਪੁਰਸ਼ ਯਾਤਰੀ ਪਲਟ ਕੇ ਏਅਰ ਹੋਸਟੇਸ ਨੂੰ ਥੱਪੜ ਮਾਰਦਾ ਹੈ।

# ਫਰਾਂਸ ਨੇ ਐਪਲ ਉੱਤੇ 1.1 ਅਰਬ ਯੂਰੋ ਦਾ ਰਿਕਾਰਡ ਜੁਰਮਾਨਾ ਠੋਕਿਆ

ਪੈਰਿਸ, 17 ਮਾਰਚ (ਪੋਸਟ ਬਿਊਰੋ)- ਤਕਨੀਕੀ ਕੰਪਨੀ ਐਪਲ ਉੱਤੇ ਫ਼ਰਾਂਸ ਦੇ ਮੁਕਾਬਲੇਬਾਜ਼ੀ ਰੈਗੂਲੇਟਰ ਨੇ 1.1 ਅਰਬ ਯੂਰੋ ਦਾ ਰਿਕਾਰਡ ਜੁਰਮਾਨਾ ਲਾਇਆ ਹੈ। ਕੰਪਨੀ ਉੱਤੇ ਇਹ ਜੁਰਮਾਨਾ ਆਪਣੇ ਆਜ਼ਾਦ ਰਿਟੇਲ ਡੀਲਰਜ਼ ਨਾਲ ਗੈਰ-ਮੁਕਾਬਲੇਬਾਜ਼ ਵਿਹਾਰ ਲਈ ਲਾਇਆ ਗਿਆ ਹੈ।



ਰੈਗੂਲੇਟਰ ਨੇ ਆਪਣੀ ਜਾਂਚ ਵਿੱਚ ਪਾਇਆ ਕਿ ਐਪਲ ਨੇ ਆਪਣੀ ਆਰਥਿਕ ਹੈਸੀਅਤ ਦੀ ਦੁਰਵਰਤੋਂ ਕਰਦਿਆਂ ਫ਼ਰਾਂਸ ਵਿੱਚ ਆਜ਼ਾਦ ਰਿਟੇਲ ਡੀਲਰਜ਼ ਕੀਮਤ ਦੇ ਬਾਰੇ ਗੈਰ-ਮੁਕਾਬਲੇਬਾਜ਼ ਵਿਹਾਰ ਕੀਤਾ। ਫ਼ਰਾਂਸ ਦੀ ਮੁਕਾਬਲੇਬਾਜ਼ ਰੈਗੂਲੇਟਰੀ ਅਥਾਰਿਟੀ ਦੀ ਮੁਖੀ ਇਸਾਬੇਲ ਡਸਿ-ਲਵਾ ਨੇ ਕਿਹਾ, 'ਇਹ ਕਿਸੇ ਕੇਸ ਵਿੱਚ ਕਿਸੇ ਕੰਪਨੀ ਖਿਲਾਫ ਲਾਇਆ ਗਿਆ ਸਭ ਤੋਂ ਭਾਰੀ ਜੁਰਮਾਨਾ ਹੈ।' ਇਸ ਵਿੱਚ ਕੰਪਨੀ ਦੇ ਫ਼ਰਾਂਸ ਵਿੱਚ 2 ਵਿਕ੍ਰੇਤਾਵਾਂ ਉੱਤੇ ਲਗਭਗ 14 ਕਰੋੜ ਯੂਰੋ ਦਾ ਜੁਰਮਾਨਾ ਵੀ ਸ਼ਾਮਲ ਹੈ। ਇਹ ਕੇਸ 2012 ਵਿੱਚ ਚੱਲਿਆ ਸੀ ਜਦੋਂ ਐੱਪਲ ਦੇ ਇਕ ਆਜ਼ਾਦ ਵਿਕ੍ਰੇਤਾ ਨੇ ਕੰਪਨੀ ਦੇ ਮੁਕਾਬਲੇਬਾਜ਼ ਵਿਰੋਧੀ ਵਿਹਾਰ ਦੀ ਸ਼ਿਕਾਇਤ ਕੀਤੀ ਸੀ। ਸ਼ਿਕਾਇਤ ਕਰਤਾ ਨੇ ਹੋਰ ਕਾਰਨਾਂ ਨਾਲ ਆਪਣੀ ਸ਼ਿਕਾਇਤ ਵਿੱਚ ਇਹ ਵੀ ਕਿਹਾ ਕਿ ਨਿੱਜੀ ਸਟੋਰ ਨੂੰ ਫਾਇਦਾ ਪੁਚਾਉਣ ਲਈ ਕੰਪਨੀ ਉਸ ਦੇ ਸਟੋਰ ਦੀ ਸਪਲਾਈ ਪ੍ਰਭਾਵਿਤ ਕਰ ਰਹੀ ਹੈ। ਐਪਲ ਉੱਤੇ ਪਿਛਲੇ ਮਹੀਨੇ ਫਰਾਂਸ ਵਿੱਚ 25 ਮਿਲੀਅਨ ਯੂਰੋ ਜੁਰਮਾਨਾ ਲੱਗਾ ਸੀ, ਜਿਹੜਾ ਜੁਰਮਾਨਾ ਪੁਰਾਣੇ ਆਈਫੋਨ ਨੂੰ ਅਪਡੇਟ ਕਰਨ ਦੇ ਬਹਾਨੇ ਜਾਣ ਬੁੱਝ ਕੇ ਹੌਲੀ ਕਰਨ ਦੇ ਦੋਸ਼ਾਂ ਮਗਰੋਂ ਲੱਗਾ ਸੀ। ਇਸ ਕੇਸ ਵਿਚ ਐਚ ਓ ਪੀ ਐਸੋਸੀਏਸ਼ਨ ਵੱਲੋਂ ਸ਼ਿਕਾਇਤ ਦਰਜ ਕਰਨ ਤੋਂ ਬਾਅਦ ਜਨਵਰੀ 2018 ਵਿਚ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਕੇਸ ਵਿਚ ਕੰਪਨੀ ਨੂੰ ਆਈਫੋਨ ਖਪਤਕਾਰਾਂ ਤੋਂ ਜਾਣਕਾਰੀ ਛੁਪਾਉਣ ਦਾ ਦੋਸ਼ੀ ਪਾਇਆ ਗਿਆ ਸੀ।

ਐਪਲ ਖਪਤਕਾਰਾਂ ਨੂੰ ਪੁਰਾਣੇ ਆਈਫੋਨ ਨੂੰ ਜਾਣ ਬੁੱਝ ਕੇ ਹੌਲੀ ਕਰਨ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ 500 ਮਿਲੀਅਨ ਡਾਲਰ ਦਾ ਭੁਗਤਾਨ ਕਰੇਗੀ। ਇਹ ਜਾਣਕਾਰੀ ਸੈਨ ਜੋਸ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਵਿਚ ਪਤਾ ਲੱਗੀ ਹੈ। ਇਸ ਦੇ ਮੁਤਾਬਕ ਅਮਰੀਕਾ ਦੇ ਸਾਰੇ ਪ੍ਰਭਾਵਤ ਖਪਤਕਾਰਾਂ ਨੂੰ 25-25 ਡਾਲਰ ਦਿੱਤੇ ਜਾਣਗੇ। ਏਦਾਂ ਦੇ ਦਾਅਵਿਆਂ ਦੀ ਗਿਣਤੀ ਅਤੇ ਅਦਾਲਤ ਵਲੋਂ ਮਨਜ਼ੂਰ ਕਾਨੂੰਨੀ ਖਰਚਿਆਂ ਦੀ ਰਾਸ਼ੀ ਦੇ ਅਧਾਰ ਉਤੇ ਉਪਭੋਗਤਾਵਾਂ ਨੂੰ ਮਿਲਣ ਵਾਲੀ ਰਕਮ ਘੱਟ ਜਾਂ ਜ਼ਿਆਦਾ ਹੋ ਸਕਦੀ ਹੈ। ਅਦਾਲਤ 3 ਅਪ੍ਰੈਲ ਨੂੰ ਸੈਟਲਮੈਂਟ ਨੂੰ ਮਨਜ਼ੂਰੀ ਦੇ ਸਕਦੀ ਹੈ।

ਅਮਰੀਕੀ ਗ੍ਰਾਹਕ ਜਿਨ੍ਹਾਂ ਨੇ 21 ਦਸੰਬਰ 2017 ਤੋਂ ਪਹਿਲਾਂ ਆਈਫੋਨ 6, 6 ਪਲੱਸ, 6 ਐਸ, 6ਐਸ ਪਲੱਸ, ਆਈਫੋਨ 7, 7 ਪਲੱਸ ਜਾਂ ਐਸ ਈ ਖਰੀਦਿਆ ਸੀ ਅਤੇ ਫੋਨ ਹੌਲੀ ਹੋਣ ਦੀ ਸਮੱਸਿਆ ਆਈ ਸੀ, ਉਹ ਦਾਅਵੇ ਕਰ ਸਕਦੇ ਹਨ। ਐਪਲ ਦੇ ਬਹੁਤ ਸਾਰੇ ਗ੍ਰਾਹਕਾਂ ਅਤੇ ਤਕਨੀਕੀ ਵਿਸ਼ਲੇਸ਼ਕਾਂ ਨੇ ਦਸੰਬਰ 2017 ਵਿਚ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦਾ ਆਈਫੋਨ ਸਾਫਟਵੇਅਰ ਅਪਡੇਟ ਹੋਣ ਤੋਂ ਬਾਅਦ ਹੌਲੀ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਐਪਲ ਨੇ ਅਜਿਹਾ ਜਾਣ ਬੁੱਝ ਕੇ ਕੀਤਾ ਤਾਂ ਜੋ ਲੋਕਾਂ ਨੂੰ ਨਵਾਂ ਆਈਫੋਨ ਖਰੀਦਣ ਲਈ ਮਜ਼ਬੂਰ ਕੀਤਾ ਜਾਵੇ।

## ਪੰਜਾਬ ਦੇ ਕਾਸ਼ਤਕਾਰ ਵੀ 'ਪਾਣੀ ਬਚਾਓ, ਪੈਸੇ ਕਮਾਓ' ਸਕੀਮ ਦਾ ਲਾਭ ਲੈ ਸਕਣਗੇ

ਪਟਿਆਲਾ, 17 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਤੇ ਪੰਜਾਬ ਰਾਜ ਬਿਜਲੀ ਨਿਗਮ ਲਿਮਿਟਿਡ (ਪਾਵਰਕਾਮ) ਨੇ 'ਪਾਣੀ ਬਚਾਓ, ਪੈਸਾ ਕਮਾਓ' ਸਕੀਮ ਦਾ ਲਾਭ ਕਾਸ਼ਤਕਾਰਾਂ ਨੂੰ ਵੀ ਦੇਣ ਦਾ ਫ਼ੈਸਲਾ ਕੀਤਾ ਹੈ।



ਪਾਵਰਕਾਮ ਵੱਲੋਂ ਜਾਰੀ ਕੀਤੇ ਸਰਕੂਲਰ ਮੁਤਾਬਕ ਜੇ ਖਪਤਕਾਰ ਕਸਬੇ, ਸ਼ਹਿਰ, ਪ੍ਰਦੇਸ਼ ਜਾ ਦੇਸ਼ ਵਿੱਚੋਂ ਬਾਹਰ ਰਹਿੰਦਾ ਹੈ ਤਾਂ ਉਸ ਖੇਤ ਦੀ ਖੇਤੀ ਕਰਨ ਵਾਲੇ ਕਿਸਾਨ ਵੱਲੋਂ ਭਰੇ ਗਏ ਫਾਰਮ ਦੀ ਸਕੈਨ ਦੀ ਕਾਪੀਆਂ ਪਾਵਰਕਾਮ ਵੱਲੋਂ ਜਾਂਚ ਦੇ ਬਾਅਦ ਪ੍ਰਵਾਨ ਕੀਤੀਆਂ ਜਾਣਗੀਆਂ। ਜੇ ਖਪਤਕਾਰ ਵੱਲੋਂ ਅਧਿਕਾਰ ਦਿੱਤਾ ਜਾਂਦਾ ਹੈ ਤਾਂ ਲਾਭ ਖੇਤੀ ਕਰਨ ਵਾਲੇ ਦੇ ਖਾਤੇ ਵਿੱਚ ਪਾਇਆ ਜਾ ਸਕਦਾ ਹੈ। ਇਸ ਯੋਜਨਾ ਦੇ ਇੱਕ ਹੋਰ ਪੱਖ ਵਿੱਚ ਇਹ ਜ਼ਰੂਰੀ ਕਰ ਦਿੱਤਾ ਗਿਆ ਹੈ ਕਿ ਡੇ ਯੋਜਨਾ ਅਧੀਨ ਚੁਣੇ ਗਏ ਫੀਡਰਾਂ ਵਿੱਚ ਖਪਤਕਾਰਾਂ ਦੇ ਇੱਕ ਤੋਂ ਵੱਧ ਕਨੈਕਸ਼ਨ ਹਨ ਤਾਂ ਉਸ ਨੂੰ ਸਾਰੇ ਕਨੈਕਸ਼ਨਾਂ ਦੇ ਲਈ ਇਸ ਸਕੀਮ ਦੀ ਸਹਿਮਤੀ ਦੇਣੀ ਜ਼ਰੂਰੀ ਹੋਵੇਗੀ।

ਵਰਨਣ ਯੋਗ ਹੈ ਕਿ ਪਾਵਰਕਾਮ ਨੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਕਿਸਾਨਾਂ ਲਈ ਇਹ ਯੋਜਨਾ 14 ਜੂਨ 2018 ਨੂੰ ਸ਼ੁਰੂ ਕੀਤੀ ਸੀ। ਪਹਿਲੇ ਪੜਾਅ ਵਿੱਚ ਇਹ ਫ਼ਤਹਿਗੜ੍ਹ ਸਾਹਿਬ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਛੇ ਫੀਡਰਾਂ ਵਿੱਚ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤੀ ਗਈ ਸੀ। ਇਸ ਪਿੱਛੋਂ 20 ਜੂਨ 2019 ਨੂੰ ਇਸ ਦਾ ਅੱਠ ਜ਼ਿਲ੍ਹਿਆਂ ਬਠਿੰਡਾ, ਫ਼ਤਹਿਗੜ੍ਹ ਸਾਹਿਬ, ਫ਼ਿਰੋਜ਼ਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੋਗਾ, ਪਟਿਆਲਾ, ਰੂਪ ਨਗਰ ਅਤੇ ਐਸ ਬੀ ਐਸ ਨਗਰ ਦੇ 250 ਫੀਡਰਾਂ 'ਤੇ ਵਾਧਾ ਕੀਤਾ ਗਿਆ। ਇਸ ਯੋਜਨਾ ਹੇਠ ਪਾਵਰਕਾਮ ਵੱਲੋਂ ਯੋਜਨਾ ਦੇ ਲਾਭ ਲੈਣ ਦੇ ਚਾਹਵਾਨ ਕਿਸਾਨਾਂ ਦੀ ਮੋਟਰ 'ਤੇ ਬਿਜਲੀ ਮੀਟਰ ਲਾਏ ਜਾਂਦੇ ਹਨ। ਮਿਥੀ ਹੱਦ ਵਿੱਚ ਬਿਜਲੀ ਉਸ ਨੂੰ ਮਿਲਦੀ ਹੈ ਅਤੇ ਜਿਹੜੇ ਮਿਥੀ ਮਾਤਰਾ ਵਿੱਚੋਂ ਬਿਜਲੀ ਦੀ ਬਚਤ ਕਰਦੇ ਹਨ, ਉਸ ਉੱਤੇ ਚਾਰ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਪੈਸੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਪਾਏ ਜਾਂਦੇ ਹਨ। ਅੱਜ ਤੱਕ ਪਾਵਰਕਾਮ ਇਸ ਯੋਜਨਾ ਹੇਠ 15.74 ਲੱਖ ਰੁਪਏ ਕਿਸਾਨਾਂ ਨੂੰ ਅਦਾ ਕਰ ਚੁੱਕਾ ਹੈ। ਇਸ ਦਾ ਮਕਸਦ ਪਾਣੀ ਬਚਾਉਣਾ ਤੇ ਇਸ ਬਚਤ 'ਤੇ ਕਿਸਾਨਾਂ ਨੂੰ ਵੱਧ ਲਾਭ ਦੇਣਾ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਓ

- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks



Contact: Nirmal Johal
Certified Technician
647-716-2677

